# ਵਾਧੂ ਅਧਿਐਨ

# ਅਧਿਐਨ 1

# ਮਿਸਰ ਦੀ ਇਤਿਹਾਸਕਤਾ

ਆਲੋਚਕ ਇਸ ਗੱਲ ਤੇ ਸੰਦੇਹ ਕਰਦੇ ਹਨ ਕਿ ਕੂਚ ਦੀ ਪੁਸਤਕ ਨਾਲ ਜੁੜੀਆਂ ਘਟਨਾਵਾਂ ਅਸਲ ਵਿਚ ਵਾਪਰੀਆਂ ਵੀ ਸਨ ਜਾਂ ਨਹੀਂ। *ਕ੍ਰਿਸਚੈਨਿਟੀ ਟੁਡੇ* ਪੁਸਤਕ ਵਿਚ ਇਕ ਲੇਖ ਦੇ ਵਿਚ, ਕੈਵਿਨ ਡੀ. ਮਿਲਰ ਨੇ "ਬਾਈਬਲ ਦੇ ਮਿਨੀਮਿਲਸਟਾਂ" ਦਾ ਹਵਾਲਾ ਦਿੱਤਾ ਸੀ ਜਿਹੜੇ ਪੁਰਾਣੇ ਨੇਮ ਦੇ *ਜ਼ਿਆਦਾਤਰ ਹਿੱਸੇ* ਦੇ ਇਤਹਾਸਕ ਆਧਾਰ ਤੇ ਸੰਦੇਹ ਕਰਦੇ ਹਨ। ਉਸ ਨੇ ਟਿੱਪਣੀ ਕੀਤੀ ਸੀ ਕਿ ਇਹ ਦ੍ਰਿਸ਼ਟੀਕੋਣ ਨਵਾਂ ਨਹੀਂ ਹੈ। 1800 ਸਦੀ ਦੇ ਅੰਤ ਵਿਚ, ਜੂਲੀਅਸ ਵੈਲਹੁਸੇਨ ਨੇ ਉਦਾਰਵਾਦੀ ਵਿਦਵਾਨਾਂ ਦੀ ਇਹ ਸਿੱਟਾ ਕੱਢਣ ਵਿਚ ਅਗਵਾਈ ਕੀਤੀ ਸੀ ਕਿ ਸ਼ਰਾ "ਯਿਸੂ ਤੋਂ ਸਿਰਫ 450 ਸਾਲ ਪਹਿਲਾਂ ਬਾਬਲ ਵਿਚ ਯਹੂਦੀ ਲੋਕਾਂ ਦੇ ਅਸੀਰੀ ਵਿੱਚੋਂ ਪਰਤਣ ਤੋਂ ਬਾਅਦ ਬਣਾਈ ਗਈ ਸੀ।"[1] ਵਿਲੀਅਮ ਅਲਬਰਾਈਟ ਅਤੇ ਉਸ ਦੇ ਵਿਦਿਆਰਥੀਆਂ ਨੇ ਪੁਰਾਣੇ ਨੇਮ ਦੇ ਇਤਹਾਸ ਦੀ ਪੁਸ਼ਟੀ ਕਰਨ ਦੇ ਲਈ ਪੁਰਾੱਤਤਵ ਖੋਜਾਂ ਦੀ ਵਰਤੋਂ ਕਰਦਿਆਂ 1900 ਸਦੀ ਦੇ ਅੱਧ ਵਿਚਾਲੇ ਪੁਰਾਣੇ ਨੇਮ ਦੀਆਂ ਕਹਾਣੀਆਂ ਦੀ ਇਤਿਹਾਸਕਤਾ ਨੂੰ ਖਾਰਿਜ ਕਰਨ ਦੇ ਵੱਲ ਰੁਝਾਨ ਨੂੰ ਧੀਮਾ ਕਰ ਦਿੱਤਾ ਸੀ। 1981 ਵਿਚ ਜੌਨ ਬਰਾਈਟ ਨੇ ਆਖਿਆ, "ਇਸ ਦੇ ਬਾਰੇ ਸੱਚਮੁੱਚ ਜ਼ਰਾ ਜਿਹਾ ਵੀ ਸੰਦੇਹ ਨਹੀਂ ਹੋ ਸਕਦਾ ਕਿ ਇਸਰਾਏਲ ਦੇ ਪੂਰਵਜ ਮਿਸਰ ਵਿਚ ਗੁਲਾਮ ਰਹੇ ਸਨ ਅਤੇ ਕਿਸੇ ਚਮਤਕਾਰੀ ਢੰਗ ਨਾਲ ਉੱਥੋਂ ਬਚ ਨਿੱਕਲੇ ਸਨ। ਅੱਜ ਲਗਭਗ ਕੋਈ ਵੀ ਇਸ ਤੇ ਸਵਾਲ ਖੜ੍ਹਾ ਨਹੀਂ ਕਰੇਗਾ।"[2] ਪਰ, "ਬਾਈਬਲ ਦੇ ਮਿਨੀਮਲਿਸਟਾਂ" ਨੇ ਉਦੋਂ ਤੋਂ ਹੀ ਬਾਰ-ਬਾਰ ਇਸ ਤੇ ਸਵਾਲ ਖੜ੍ਹਾ ਕੀਤਾ ਹੈ।

ਕੁਝ ਇਸ ਗੱਲ ਤੇ ਵੀ ਸੰਦੇਹ ਕਰਦੇ ਹਨ ਕਿ ਇਸਰਾਏਲੀ ਕਦੇ ਮਿਸਰ ਵਿਚ ਸਨ ਅਤੇ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਕਦੇ ਉਨ੍ਹਾਂ ਨੇ ਉੱਥੋਂ ਕੂਚ ਕੀਤਾ ਸੀ। ਕੁਝ ਹੋਰ ਇਹ ਸੁਝਾਅ ਦਿੰਦੇ ਹਨ ਕਿ ਮਿਸਰ ਵਿਚ ਸਾਰੇ ਦੇ ਸਾਰੇ ਬਾਰਾਂ ਗੋਤ ਨਹੀਂ ਸਨ, ਪਰ ਉਨ੍ਹਾਂ ਵਿੱਚੋਂ ਸਿਰਫ ਕੁਝ ਹੀ ਉੱਥੇ ਰਹਿੰਦੇ ਸਨ ਅਤੇ ਕੂਚ ਵਿਚ ਸ਼ਾਮਲ ਹੋਏ ਸਨ। ਹੋਰ ਕਈਆਂ ਦਾ ਮੰਨਣਾ ਹੈ ਕਿ ਇਸਰਾਏਲ ਦੇ ਪ੍ਰਾਚੀਨ ਇਤਹਾਸ ਵਿਚ ਮੂਸਾ ਨਾਂ ਦਾ ਇਕ ਇਤਹਾਸਕ ਵਿਅਕਤੀ ਸੀ ਜਿਸ ਦਾ "ਯਹੋਵਾਹ" ਨਾਂ ਦੇ ਪਰਮੇਸ਼ੁਰ ਨੇ ਨਾਲ ਕੋਈ ਨਾ ਕੋਈ ਵਾਸਤਾ ਸੀ। ਪਰ, ਉਨ੍ਹਾਂ ਦਾ ਮੰਨਣਾ ਹੈ ਕਿ ਇਸਰਾਏਲ ਦੇ ਧਰਮ ਦੇ ਵਰਵੇ, ਇਸ ਦੇ ਇੱਕੋ ਈਸ਼ਵਰਵਾਦ ਅਤੇ ਇਸ ਦੇ ਉੱਚ ਨੈਤਿਕ ਅਤੇ ਨੈਤਿਕ ਮਿਆਰਾਂ ਸਮੇਤ, ਕਾਫੀ ਬਾਅਦ ਦੀ ਮਿਤੀ ਵਿਚ ਆਏ ਸਨ। ਉਹ ਸੋਚਦੇ ਹਨ ਕਿ ਇਹ ਧਾਰਮਿਕ ਸਿਧਾਂਤ ਨਬੀਆਂ ਦੁਆਰਾ ਪੇਸ਼ ਕੀਤੇ ਗਏ ਸਨ ਜਿਨ੍ਹਾਂ ਨੇ ਬਿਧੀਆਂ ਦੀ ਸ਼ੁਰੂਆਤ ਕੀਤੀ ਸੀ ਪਰ ਉਨ੍ਹਾਂ ਨੂੰ ਮੂਸਾ ਅਤੇ ਉਸ ਦੇ ਪਰਮੇਸ਼ੁਰ ਦੇ ਨਾਵੇਂ ਲਾਇਆ ਸੀ ਕਿਉਂਕਿ ਲੋਕ ਪਹਿਲਾਂ ਤੋਂ ਹੀ ਮੂਸਾ ਦਾ ਬਹੁਤ ਆਦਰ ਕਰਦੇ ਸਨ। ਉਨ੍ਹਾਂ ਦੇ ਵਿਚਾਰ ਵਿਚ, ਮੂਸਾ ਨੂੰ ਸ਼ਰਾ ਦੇਣ ਵਾਲਾ ਬਣਨ ਦੀ ਸੋਭਾ ਮਿਲੀ ਸੀ, ਹਾਲਾਂਕਿ ਅਸਲ ਅਧਿਆਤਮਕ ਅਤੇ ਨੈਤਿਕ ਬਿਧੀਆਂ ਨਬੀਆਂ ਤੋਂ ਆਈਆਂ ਸਨ ਜਿਹੜੇ ਉਸ ਦੇ ਸਮੇਂ ਤੋਂ ਲੰਬੇ ਸਮੇਂ ਬਾਅਦ ਜੀਉਂਦੇ ਰਹੇ।

ਇਨ੍ਹਾਂ ਵਿਚਾਰਾਂ ਦੇ ਲਈ ਕੀ ਸਬੂਤ ਦਿੱਤਾ ਗਿਆ ਹੈ? (1) ਆਲੋਚਕ ਜਿਹੜੇ ਕੂਚ ਦੀ ਪ੍ਰਮਾਣਿਕਤਾ ਦਾ ਇਨਕਾਰ ਕਰਦੇ ਹਨ ਜ਼ੋਰ ਦਿੰਦੇ ਹਨ ਕਿ ਕੂਚ ਦੇ ਬਾਰੇ ਵਚਨ ਦੇ ਹਵਾਲੇ ਇਹ

ਸਾਬਤ ਨਹੀਂ ਕਰਦੇ ਕਿ ਇਹ ਹੋਇਆ ਸੀ। ਉਹ ਉਸ ਤੇ ਜੋ ਵਚਨ ਕਹਿੰਦਾ ਹੈ ਤਦ ਤੱਕ ਵਿਸ਼ਵਾਸ ਨਹੀਂ ਕਰਦੇ ਜਦੋਂ ਤੱਕ ਬਾਹਰੀ ਸਬੂਤ ਬਾਈਬਲ ਦੇ ਕਥਨ ਦਾ ਸਮਰਥਨ ਨਹੀਂ ਕਰਦਾ। ਉਹ ਉਸ ਦਾ ਪਾਲਣ ਕਰਦੇ ਹਨ ਜਿਸ ਨੂੰ "ਸ਼ੱਕ ਦਾ ਹਰਮਨਿਉਟਕਸ" ਕਿਹਾ ਜਾਂਦਾ ਹੈ, ਇਹ ਦਾਅਵਾ ਕਰਦੇ ਹੋਏ ਕਿ ਬਾਈਬਲ ਜੋ ਕੁਝ ਵੀ ਕਹਿੰਦੀ ਹੈ ਉਸ ਤੇ ਤਦ ਤੱਕ ਸ਼ੱਕ ਹੁੰਦਾ ਹੈ ਜਦੋਂ ਤੱਕ ਹੋਰ ਸਬੂਤ ਇਸ ਦੀ ਪੁਸ਼ਟੀ ਨਹੀਂ ਕਰਦਾ।

(2) ਇਹ ਆਲੋਚਕ ਇਹ ਬਹਿਸ ਕਰਦੇ ਹਨ ਕਿ ਮਿਸਰ ਵਿਚ ਵਸੇਬੇ ਅਤੇ ਕੂਚ ਦਾ ਸਮਰਥਨ ਕਰਨ ਦੇ ਲਈ ਕੋਈ ਬਾਹਰੀ ਸਬੂਤ ਨਹੀਂ ਹੈ। ਉਦਾਹਰਣ ਦੇ ਲਈ, ਪ੍ਰਾਚੀਨ ਮਿਸਰੀ ਦਸਤਾਵੇਜ਼ਾਂ ਵਿਚ ਮੂਸਾ ਦੇ ਨਾਮ ਦਾ ਜਾਂ ਕੂਚ ਦਾ ਕੋਈ ਜ਼ਿਕਰ ਨਹੀਂ ਹੈ। ਸੰਦੇਹ ਕਰਨ ਵਾਲੇ ਦੋਸ਼ ਲਾਉਂਦੇ ਹਨ ਕਿ ਲੱਖਾਂ ਤੋਂ ਵੱਧ ਗੁਲਾਮਾਂ ਦਾ ਬਚ ਕੇ ਨਿੱਕਲਣਾ ਇੰਨੀ ਵੱਡੀ ਤਬਾਹੀ ਹੋਵੇਗਾ ਕਿ ਇਸ ਦੇ ਬਾਰੇ ਲਿਖਿਆ ਹੀ ਨਹੀਂ ਗਿਆ ਹੋਵੇਗਾ।

(3) ਜਿਹੜੇ ਕੂਚ ਦੀ ਇਤਿਹਾਸਕਤਾ ਤੇ ਸੰਦੇਹ ਕਰਦੇ ਹਨ ਦਾਅਵੇ ਨਾਲ ਕਹਿੰਦੇ ਹਨ ਕਿ ਚਮਤਕਾਰਾਂ ਦਾ ਉੱਲੇਖ - ਦਸ ਬਵਾਂ, ਲਾਲ ਸਮੁੰਦਰ ਨੂੰ ਪਾਰ ਕਰਨਾ, ਸੁਰਗ ਤੋਂ ਮੰਨ ਅਤੇ ਚਟਾਨ ਵਿੱਚੋਂ ਪਾਣੀ ਨਿਕਲਣ ਸਮੇਤ - ਸਮੁੱਚੇ ਵਿਰਤਾਂਤ ਤੇ ਸ਼ੱਕ ਪੈਦਾ ਕਰਦਾ ਹੈ। ਕਿਉਂਕਿ ਉਹ ਨਹੀਂ ਮੰਨਦੇ ਕਿ ਚਮਤਕਾਰ ਹੋ ਸਕਦੇ ਹਨ, ਉਹ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਕੋਈ ਵੀ ਵਿਰਤਾਂਤ ਜਿਸ ਦੇ ਵਿਚ ਚਮਤਕਾਰ ਸ਼ਾਮਲ ਹੁੰਦੇ ਹਨ ਇਤਿਹਾਸਕ ਹੋ ਸਕਦਾ ਹੈ।

ਸਾਡੇ ਕੋਲ ਇਹ ਮੰਨਣ ਦੇ ਕਿਹੜੇ ਕਾਰਣ ਹਨ ਕਿ ਕੂਚ ਦੀ ਪੁਸਤਕ ਵਿਚ ਦਰਜ ਘਟਨਾਵਾਂ ਸੱਚਮੁੱਚ ਵਾਪਰੀਆਂ ਸਨ? (1) ਉਨ੍ਹਾਂ ਲੋਕਾਂ ਦੁਆਰਾ ਵਰਤੇ ਗਏ ਤਰਕ ਵਿਚ ਬਹੁਤ ਸਾਰੇ ਭੁਲੇਖੇ ਹਨ ਜਿਹੜੇ ਕੂਚ ਦੀ ਪੁਸਤਕ ਵਿਚ ਦਰਜ ਘਟਨਾਵਾਂ ਦੀ ਇਤਿਹਾਸਕਤਾ ਨੂੰ ਰੱਦ ਕਰਦੇ ਹਨ। ਵਚਨ ਦਾ ਆਪਣੇ ਆਪ ਵਿਚ ਸਬੂਤ ਦੇ ਤੌਰ ਤੇ ਅਨਾਦਰ ਕਰਨਾ ਤਰਕਹੀਣ ਹੈ। ਕਿਉਂਕਿ ਉਹ, ਹੋ ਸਕਦਾ ਹੈ, ਪ੍ਰਾਚੀਨ ਦਸਤਾਵੇਜ਼ ਹਨ, ਉਨ੍ਹਾਂ ਨੂੰ ਸਬੂਤ ਦੇ ਤੌਰ ਤੇ ਕੋਈ ਨਾ ਕੋਈ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। ਅੱਜ ਦੇ ਸਮੇਂ ਦੇ ਸੰਦੇਹਵਾਦੀ ਪੁਰਾਣੇ ਨੇਮ ਦੀਆਂ ਘਟਨਾਵਾਂ ਅਤੇ ਲੋਕਾਂ ਨੂੰ ਤਦ ਤੱਕ ਪੌਰਾਣਿਕ ਸਮਝਦੇ ਹਨ ਜਦੋਂ ਤੱਕ ਉਨ੍ਹਾਂ ਦੀ ਹੋਂਦ ਦਾ ਕੋਈ ਪ੍ਰਯੋਗਸਿੱਧ (ਵਿਗਿਆਨਕ ਤੌਰ ਤੇ ਵਿਚਾਰ ਯੋਗ) ਸਬੂਤ ਨਹੀਂ ਹੁੰਦਾ। ਕਿਉਂਕਿ ਬਾਈਬਲ ਦੇ ਉੱਲੇਖ ਬਹੁਤ ਸਾਰੇ ਹਾਲਾਤਾਂ ਵਿਚ ਸਹੀ ਸਾਬਤ ਹੋਏ ਹਨ, ਇਸ ਲਈ ਉਹ ਜੋ ਬਾਈਬਲ ਕਹਿੰਦੀ ਹੈ ਉਸ ਨੂੰ ਸੱਚ ਦੇ ਰੂਪ ਵਿਚ ਸਵੀਕਾਰ ਕਰਨਾ ਉਚਿਤ ਹੈ ਜਦੋਂ ਤੱਕ ਬਾਈਬਲ ਦਾ ਵਿਰਤਾਂਤ ਗਲਤ ਨਹੀਂ ਵਿਆਖਿਆ ਗਿਆ ਸੀ।

ਕੂਚ ਦੇ ਲਈ ਸਿੱਧੇ ਸਬੂਤ ਦਾ ਨਾ ਹੋਣਾ ਇਹ ਸਾਬਤ ਨਹੀਂ ਕਰਦਾ ਕਿ ਇਹ ਹੋਇਆ ਹੀ ਨਹੀਂ ਸੀ। ਮਿਸਰੀ ਲੋਕਾਂ ਨੇ ਸੰਭਵ ਤੌਰ ਤੇ ਆਪਣੀ ਭਵਿੱਖ ਵਾਲੀ ਪੀੜ੍ਹੀ ਦੇ ਲਈ ਗੁਲਾਮਾਂ ਦੀ ਸਾਰੀ ਕੌਮ ਦੇ ਮਿਸਰ ਵਿੱਚੋਂ ਬਚ ਕੇ ਨਿੱਕਲ ਜਾਣ ਦੀ ਘਟਨਾ ਬਾਰੇ ਨਹੀਂ ਲਿਖਿਆ ਹੋਵੇਗਾ ਕਿਉਂਕਿ ਜੇ ਉਹ ਇਸ ਦੇ ਬਾਰੇ ਲਿਖਦੇ ਤਾਂ ਇਹ ਉਨ੍ਹਾਂ ਦੇ ਲਈ ਬੇਇੱਜ਼ਤੀ ਦਾ ਕਾਰਣ ਹੋਣਾ ਸੀ।

ਇਸ ਤੋਂ ਇਲਾਵਾ, ਇਹ ਕਹਿਣਾ ਕਿ ਉਹ ਘਟਨਾਵਾਂ ਨਹੀਂ ਸੀ ਵਾਪਸ ਸਕਦੀਆਂ ਕਿਉਂਕਿ ਉਨ੍ਹਾਂ ਵਿਚ ਚਮਤਕਾਰ ਸ਼ਾਮਲ ਸਨ ਸਪੱਸ਼ਟ ਤੌਰ ਤੇ ਵਿਰੋਧੀ-ਅਲੌਕਿਕ ਕਲਪਨਾਵਾਂ ਤੋਂ ਕੰਮ ਲੈਣਾ ਹੈ। ਇਹੋ ਜਿਹੀ ਸੋਚ ਨੂੰ ਕਿਸੇ ਵੀ ਅਜਿਹੇ ਵਿਅਕਤੀ ਦੁਆਰਾ ਠੁਕਰਾ ਦਿੱਤਾ ਜਾਣਾ ਚਾਹੀਦਾ ਹੈ ਜਿਹੜਾ ਇਹ ਮੰਨਦਾ ਹੈ ਕਿ ਪਰਮੇਸ਼ੁਰ ਸਰਬ ਸ਼ਕਤੀਮਾਨ ਹੈ ਅਤੇ ਉਹ ਮਨੁੱਖਾਂ ਦੇ ਕਾਰਜਾਂ ਵਿਚ ਸ਼ਾਮਲ ਹੈ।

(2) ਇਸ ਗੱਲ ਦਾ ਸਬੂਤ ਹੈ ਕਿ ਉਹ ਘਟਨਾਵਾਂ ਵਾਪਰੀਆਂ ਸਨ। ਬਾਈਬਲ ਅਜਿਹਾ ਸਬੂਤ ਦਿੰਦੀ ਹੈ। ਪੁਰਾਣਾ ਨੇਮ ਕੂਚ ਦੀ ਪੁਸਤਕ ਵੱਲ ਇਸਰਾਏਲ ਦੇ ਇਤਹਾਸ ਵਿਚ ਸਭ ਤੋਂ

ਮਹੱਤਵਪੂਰਣ ਘਟਨਾ ਵਜੋਂ ਇਸ਼ਾਰਾ ਕਰਦਾ ਹੈ। ਨਵਾਂ ਨੇਮ ਮੂਸਾ ਅਤੇ ਕੂਚ ਬਾਰੇ ਇਤਿਹਾਸਕ ਘਟਨਾਵਾਂ ਵਜੋਂ ਗੱਲ ਕਰਦਾ ਹੈ। ਮਸੀਹੀ ਲੋਕਾਂ ਦੇ ਲਈ, ਇੱਥੇ ਹੀ ਗੱਲ ਖਤਮ ਹੋ ਜਾਂਦੀ ਹੈ। ਜੋ ਲੋਕ ਬਾਈਬਲ ਤੇ ਵਿਸ਼ਵਾਸ ਕਰਦੇ ਹਨ ਇਹ ਵਿਸ਼ਵਾਸ ਕਰਦੇ ਹਨ ਕਿ ਇਹ ਘਟਨਾਵਾਂ ਵਾਪਰੀਆਂ ਸਨ।

ਇਸਰਾਏਲੀਆਂ ਨੇ ਸੰਭਵ ਤੌਰ ਤੇ ਆਪਣੇ ਆਪ ਦੇ ਲਈ ਆਪਣੇ ਮਨੋਂ ਹੀ ਅਜਿਹਾ ਪਿਛੋਕੜ ਨਹੀਂ ਬਣਾਇਆ ਹੋਵੇਗਾ। ਲੋਕ ਉਨ੍ਹਾਂ ਦੀ ਨਿਹਚਾ ਦੇ ਕੇਂਦਰੀ ਤੱਥ ਦੇ ਰੂਪ ਵਿਚ ਜਿਸ ਚੀਜ਼ ਦੀ ਕਾਢ ਕੱਢਣਾ ਚਾਹੁੰਦੇ ਹੋਣਗੇ ਉਹ ਹੈ ਉਹ ਕਹਾਣੀ ਜੋ ਉਨ੍ਹਾਂ ਨੇ ਗੁਲਾਮ ਲੋਕਾਂ ਦੇ ਰੂਪ ਵਿਚ ਸ਼ੁਰੂ ਕੀਤੀ ਸੀ।[3]

(3) ਮਿਸਰ ਵਿਚ ਵਸੇਬੇ ਅਤੇ ਮਿਸਰ ਤੋਂ ਛੁਟਕਾਰੇ ਦੀ ਇਤਿਹਾਸਕਤਾ ਦਾ ਵੀ ਸਬੂਤ ਹੈ। ਇਕ ਸ੍ਰੋਤ ਹੇਠ ਲਿਖੇ ਅਨੁਸਾਰ ਸਬੂਤ ਦਾ ਖੁਲਾਸਾ ਕਰਦਾ ਹੈ:

> ਹਾਲਾਂਕਿ ਮਿਸਰ ਵਿਚ ਜਾਂ ਤਾਂ ਜ਼ੁਲਮ ਜਾਂ ਬਚ ਕੇ ਨਿੱਕਲਣ ਦਾ ਕੋਈ ਸਿੱਧਾ ਇਤਿਹਾਸਕ ਸਬੂਤ ਨਹੀਂ ਹੈ, ਅਸਿੱਧਾ ਸਬੂਤ ਜ਼ਬਰਦਸਤ ਹੈ। ਯੂਸੁਫ਼ ਦੀ ਕਹਾਣੀ ਪ੍ਰਮਾਣ ਦੇ ਅਨੁਸਾਰ ਮਿਸਰੀ ਜੀਵਨ, ਰਿਵਾਜਾਂ, ਸਾਹਿਤ (ਖਾਸਕਰ ਉੱਤਰੀਪੂਰਬ ਡੈਲਟਾ ਇਲਾਕੇ ਵਿਚ) ਅਤੇ ਸਗੋਂ ਅਧਿਕਾਰਕ ਨਾਵਾਂ ਜਿਵੇਂ ਕਿ ਮਿਸਰ ਦਸਤਾਵੇਜ਼ਾਂ ਤੋਂ ਜਾਣਿਆ ਗਿਆ ਹੈ ਪਰਗਟ ਕਰਦੀ ਹੈ ਅਤੇ ਮਿਸਰ ਵਿਚ ਵਸੇਬੇ ਨੂੰ ਇਕ ਵੱਡੀ ਇਤਹਾਸਕ ਭਰੋਸੇਯੋਗਤਾ ਦਿੰਦੀ ਹੈ। ਹੁਣ ਇਹ ਪਤਾ ਲੱਗ ਗਿਆ ਹੈ ਕਿ ਅਠਾਰਵੇਂ ਰਾਜਵੰਸ਼ ਵਿਚ ਥੀਬਸ ਦੇ ਨੇੜੇ ਅਤੇ ਉਨੀਵੇਂ ਰਾਜਵੰਸ਼ ਦੌਰਾਨ ਉੱਤਰ-ਪੂਰਬ ਡੈਲਟਾ ਵਿਚ ਨਿਰਮਾਣ ਦੇ ਕੰਮ ਦੇ ਲਈ ਗੁਲਾਮਾਂ ਦੇ ਤੌਰ ਤੇ ਕੰਮ ਕਰਨ ਦੇ ਲਈ ਬਹੁਤ ਸਾਰੇ ਯਹੂਦੀ ਲੋਕਾਂ ਨੂੰ ਲਾਇਆ ਗਿਆ ਸੀ। ਉਸ ਸਮੇਂ ਦੇ ਕਈ ਇਸਰਾਏਲੀ ਨਾਮ, ਖਾਸਕਰ ਮੂਸਾ ਦੇ ਘਰਾਣੇ ਵਿਚ, ਪ੍ਰਮਾਣ ਦੇ ਅਨੁਸਾਰ ਮਿਸਰੀ ਹਨ। ਵੱਡੇ ਰਾਜ ਵਿੱਚੋਂ ਗੁਲਾਮਾਂ ਦਾ ਬਚ ਕੇ ਨਿੱਕਲਣਾ ਵੀ ਪ੍ਰਾਚੀਨ ਸੰਸਾਰ ਵਿਚ ਉਦਾਹਰਣ ਤੋਂ ਬਿਨਾਂ ਨਹੀਂ ਹੈ।[4]

ਮਿਸਰ ਦੇ ਇਤਿਹਾਸ ਬਾਰੇ ਅਧਿਐਨ ਕਰਨ ਵਾਲੇ ਇਕ ਵਿਅਕਤੀ ਜਿਸ ਦਾ ਨਾਮ ਜੇਮਸ ਕੇ. ਹੋਫਮੀਅਰ ਸੀ, ਉਸ ਨੇ ਆਪਣੇ ਅਧਿਐਨ ਦਾ ਸਿਰਲੇਖ ਰੱਖਿਆ, "ਕੂਚ ਦੀ ਪਰੰਪਰਾ ਦੀ ਪ੍ਰਮਾਣਿਕਤਾ ਦੇ ਲਈ ਸਬੂਤ।" ਵਿਸਤਾਰ ਨਾਲ ਸਬੂਤ ਦੀ ਛਾਣਬੀਣ ਕਰਨ ਤੋਂ ਬਾਅਦ, ਉਸ ਨੇ ਸਿੱਟਾ ਕੱਢਿਆ ਕਿ "ਉਤਪਤ 39 ਤੋਂ ਲੈ ਕੇ ਕੂਚ 15 ਵਿਚ ਜੋ ਚਿੱਤਰ ਵਿਖਾਇਆ ਗਿਆ ਹੈ" "ਉਸ ਦੇ ਨਾਲ ਮੇਲ ਖਾਂਦਾ ਹੈ ਜੋ ਮਿਸਰੀ ਇਤਿਹਾਸ ਤੋਂ ਜਾਣਿਆ ਗਿਆ ਹੈ।"[5]

ਇਸ ਲਈ, ਕੂਚ ਦੀ ਇਤਿਹਾਸਕਤਾ ਨੂੰ ਸਵੀਕਾਰ ਕੀਤਾ ਜਾਵੇ ਕਿਉਂਕਿ ਇਸ ਦੇ ਵਿਰੁੱਧ ਜੋ ਦਲੀਲਾਂ ਦਿੱਤੀਆਂ ਗਈਆਂ ਹਨ ਠੋਸ ਨਹੀਂ ਹਨ ਅਤੇ ਇਸ ਦੇ ਲਈ ਜੋ ਸਬੂਤ ਦਿੱਤਾ ਗਿਆ ਹੈ ਉਹ ਪ੍ਰਭਾਵਸ਼ਾਲੀ ਹੈ।

---

ਟਿੱਪਣੀਆਂ

[1]ਕੈਵਿਨ ਡੀ. ਮਿਲਰ, "ਕੀ ਕਦੇ ਕੂਚ ਹੋਇਆ ਸੀ? ਮਿਸਰ ਦੇ ਇਤਿਹਾਸ ਬਾਰੇ ਅਧਿਐਨ ਕਰਨ ਵਾਲੇ ਦੋ ਵਿਅਕਤੀ ਵਿਰੋਧ ਕਰਨ ਵਾਲੇ ਵਿਦਵਾਨ ਹਨ ਜਿਹੜੇ ਪੁਰਾਣੇ ਨੇਮ ਨੂੰ ਮਿੱਥ ਵਿਚ ਬਦਲਣਾ ਚਾਹੁੰਦੇ ਹਨ," *ਕ੍ਰਿਸਚੈਨਿਟੀ ਟੂਡੇ* 42 (7 ਸਤੰਬਰ 1998): 45. [2]ਉਸੇ ਸਥਾਨ ਤੇ, 46. ਇਹ ਕਥਨ ਜੌਨ ਬਰਾਈਟ ਦੀ ਪੁਸਤਕ *ਏ ਹਿਸਟਰੀ ਆਫ਼ ਇਜਰਾਏਲ* (ਫਿਲਾਡੈਲਫੀਆ: ਵੈਸਟਮਿੰਸਟਰ ਪ੍ਰੈਸ, 1959) ਵਿਚ ਸਫ਼ਾ 110 ਤੇ ਵੀ ਆਉਂਦਾ ਹੈ। [3]ਬਰਾਈਟ, 110. [4]ਵਿਲੀਅਮ ਸੈਨਫੋਰਡ ਲਾਸੋਰ, ਡੇਵਿਡ ਐਲਨ ਹੱਬਾਰਡ ਅਤੇ ਫਰੈਡਰਿਕ ਵਿਲੀਅਮ ਬੁਸ਼, *ਓਲਡ ਟੈਸਟਾਮੈਂਟ ਸਰਵੇ: ਦ ਮੈਸੇਜ, ਫੌਮ, ਐਂਡ ਬੈਕਗਰਾਊਂਡ ਆਫ਼ ਦਿ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1982), 125. [5]ਜੇਮਸ ਕੇ. ਹੋਫਮੀਅਰ, *ਇਜਰਾਏਲ ਇਨ ਇਜਿਪਟ* (ਨਿਊ ਯਾਰਕ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, 1996), 223.

## ਅਧਿਐਨ 2

# ਕੂਚ ਦਾ ਰਾਹ

### ਮਿਸਰ ਦੇ ਵਿੱਚੋਂ ਦੀ ਰਾਹ


ਕੂਚ ਦੇ ਰਸਤੇ ਦੇ ਸੰਬੰਧ ਵਿਚ ਦੋ ਮਹੱਤਵਪੂਰਣ ਸਵਾਲ ਖੜ੍ਹੇ ਕੀਤੇ ਗਏ ਹਨ। ਪਹਿਲਾ ਸਵਾਲ ਇਸ ਗੱਲ ਤੇ ਕੇਂਦਰਿਤ ਹੈ ਕਿ ਇਸਰਾਏਲੀ ਲੋਕ ਮਿਸਰ ਵਿੱਚੋਂ ਕਿਵੇਂ ਬਾਹਰ ਗਏ ਸਨ। ਲਿਖਤ ਆਖਦੀ ਹੈ ਕਿ ਉਹ ਫਲਿਸਤੀਆਂ ਦੇ ਦੇਸ ਦੇ ਰਾਹ ਥਾਣੀਂ *ਨਹੀਂ* ਗਏ (13:17)। ਇਹ ਰਾਹ ਉਨ੍ਹਾਂ ਨੂੰ *ਵਾਇਆ ਮੈਰਿਸ* ("ਸਮੁੰਦਰ ਦਾ ਰਾਹ"), ਤੱਟ ਮਾਰਗ ਦੇ ਨਾਲ-ਨਾਲ ਲੈ ਗਿਆ ਹੋਵੇਗਾ। ਇਹ ਰਾਹ ਤਕੜੇ ਕਿਲ੍ਹਿਆਂ ਨਾਲ ਸੁਰੱਖਿਅਤ ਸੀ ਅਤੇ ਇਸਰਾਏਲੀ ਲੋਕ ਯੁੱਧ ਲਈ ਤਿਆਰ ਨਹੀਂ ਸਨ। ਬਜਾਇ ਇਸ ਦੇ, ਪਰਮੇਸ਼ੁਰ ਨੇ ਉਨ੍ਹਾਂ ਨੂੰ "ਭੁਆ ਕੇ ਲਾਲ ਸਮੁੰਦਰ ਦੀ ਉਜਾੜ ਦੀ ਰਾਹ ਪਾ ਦਿੱਤਾ" (13:18)। ਇਸ ਲਈ, ਉਹ ਉਸ ਰਾਹ ਉੱਤੇ ਚੱਲੇ ਜਿਹੜਾ "ਫਲਿਸਤੀਆਂ ... ਦੇ ਰਾਹ" ਦੇ ਦੱਖਣ ਨੂੰ ਗਿਆ ਅਤੇ ਇਸ ਦੇ ਵਿਚ ਵੱਖ-ਵੱਖ ਥਾਵਾਂ ਤੇ ਡੇਰਾ ਲਾਉਣਾ ਵੀ ਸ਼ਾਮਲ ਸੀ:[1]

1. ਰਾਮਸੇਸ, ਆਰੰਭ ਕਰਨ ਵਾਲੀ ਥਾਂ (12:37)
2. ਸੁੱਕੋਥ (12:37)
3. ਏਥਾਮ, ਉਜਾੜ ਦੇ ਕੰਢੇ ਤੇ (13:20)
4. ਪੀ-ਹਹੀਰੋਥ, ਲਾਲ ਸਮੁੰਦਰ ਦੇ ਕੋਲ, ਮਿਗਦੋਲ ਅਤੇ ਬਆਲ-ਸਫ਼ੋਨ ਦੇ ਨੇੜੇ (14:2)
5. ਲਾਲ ਸਮੁੰਦਰ ਦੇ ਵਿੱਚੋਂ (ਅਧਿਆਇ 14; 15; ਵੇਖੋ 13:18; 15:4, 22)
6. ਸ਼ੂਰ ਦੀ ਉਜਾੜ (15:22)
7. ਮਾਰਾਹ, ਜੋ ਕਿ ਉਜਾੜ ਵਿੱਚੋਂ ਦੀ ਤਿੰਨ ਦਿਨ ਦਾ ਸਫ਼ਰ ਸੀ (15:22, 23)
8. ਏਲਿਮ, ਜਿੱਥੇ ਪਾਣੀ ਦੇ ਬਾਰਾਂ ਸੋਤੇ ਸਨ (15:27)
9. ਸੀਨ ਦੀ ਉਜਾੜ, ਏਲਿਮ ਅਤੇ ਸੀਨਈ ਦੇ ਵਿਚਕਾਰ (16:1)
10. ਰਫ਼ੀਦੀਮ, ਜਿਸ ਦਾ ਨਾਉਂ ਮੱਸਾਹ ਅਰ ਮਰੀਬਾਹ ਵੀ ਸੀ (17:1, 7)
11. ਉਜਾੜ, ਪਰਮੇਸ਼ੁਰ ਦੇ ਪਹਾੜ ਉੱਤੇ (18:5)
12. ਸੀਨਈ ਦੀ ਉਜਾੜ, ਰਫ਼ੀਦੀਮ ਤੋਂ, ਪਹਾੜ ਦੇ ਅੱਗੇ (19:1, 2)।

ਕੋਈ ਵੀ ਨਿਸ਼ਚਤ ਤੌਰ ਤੇ ਨਹੀਂ ਜਾਣਦਾ ਕਿ ਇਹ ਥਾਵਾਂ, ਸਿਵਾਏ ਪਹਿਲੀਆਂ ਚਾਰ ਜਿਨ੍ਹਾਂ ਦੀ ਸੂਚੀ ਦਿੱਤੀ ਗਈ ਹੈ ਸਪੱਸ਼ਟ ਤੌਰ ਤੇ ਮਿਸਰ ਵਿਚ ਹਨ, ਲਾਲ ਸਮੁੰਦਰ ਦੇ ਲਹਿੰਦੇ ਵੱਲ ਸਨ। ਬਾਕੀ ਦੀਆਂ ਸਮੁੰਦਰ ਦੇ ਚੜ੍ਹਦੇ ਵੱਲ ਸਨ। ਇਹ ਵੀ ਸਪੱਸ਼ਟ ਹੈ ਕਿ ਕੁਝ ਨਾਮ ਵਿਸ਼ੇਸ਼ ਥਾਵਾਂ (ਉਦਾਹਰਣ ਦੇ ਲਈ, ਏਲਿਮ), ਜਦ ਕਿ ਬਾਕੀ ਦੀਆਂ ਥਾਵਾਂ ਵੱਡੇ ਇਲਾਕਿਆਂ (ਜਿਵੇਂ ਕਿ, ਸੀਨ ਦੀ ਉਜਾੜ) ਦਾ ਹਵਾਲਾ ਦਿੰਦੇ ਹਨ। ਇਸ ਤੋਂ ਇਲਾਵਾ, ਕੁਝ ਥਾਵਾਂ ਦੇ ਨਾਮ ਜੋ ਕੁਝ ਉੱਥੇ ਹੋਇਆ ਸੀ ਉਸ ਦੇ ਕਾਰਣ ਇਸਰਾਏਲੀਆਂ ਦੀ ਸ਼ਬਦਾਵਲੀ ਵਿਚ ਬਦਲ ਦਿੱਤੇ ਗਏ ਸਨ (ਉਦਾਹਰਣ ਦੇ ਲਈ, ਮਾਰਾਹ, ਮੱਸਾਹ ਅਤੇ ਮਰੀਬਾਹ; 15:23; 17:7)। ਬੇਸ਼ੱਕ, ਰਾਹ ਦੇ ਬਾਰੇ

ਅਨਿਸ਼ਚਤਤਾ ਹੈ; ਹੇਠਾਂ ਦਿੱਤਾ ਗਿਆ ਨਕਸ਼ਾ ਬਹੁਤ ਸਾਰੇ ਟਿੱਪਣੀਕਾਰਾਂ ਅਤੇ ਨਕਸ਼ਾ ਬਣਾਉਣ ਵਾਲਿਆਂ ਦੇ ਵਿਚਾਰਾਂ ਦੀ ਸਹਿਮਤੀ ਨੂੰ ਦਰਸਾਉਂਦਾ ਹੈ।

ਸਗੋਂ ਸੀਨਈ ਪਹਾੜ ਦੀ ਥਾਂ ਵੀ ਅਨਿਸ਼ਚਤ ਹੈ। ਨਾਹੁਮ ਐਮ. ਸਰਨਾ ਨੇ ਟਿੱਪਣੀ ਕੀਤੀ ਸੀ ਕਿ "ਸੀਨਈ ਪ੍ਰਾਇਦੀਪ ਅਤੇ ਸਗੋਂ ਮੋਆਬ ਅਤੇ ਅਦੋਮ ਦੇ ਵਿਆਪਕ ਰੂਪ ਵਿਚ ਵੱਖਰੇ ਇਲਾਕਿਆਂ ਵਿਚ ਤੇਰ੍ਹਾਂ ਵਿਲੱਖਣ ਥਾਵਾਂ ਦਾ ਸੁਝਾਅ ਦਿੱਤਾ ਗਿਆ ਹੈ।"[2] ਨਕਸ਼ਾ ਦੱਸਦਾ ਹੈ ਕਿ ਇਸਰਾਏਲੀਆਂ ਨੇ ਸੀਨਈ ਪ੍ਰਾਇਦੀਪ ਦੇ ਵਿੱਚੋਂ ਦੀ ਦੱਖਣ ਦਾ ਰਾਹ ਲਿਆ ਸੀ ਅਤੇ ਇਹ ਕਿ ਪਾਰੰਪਰਿਕ ਜੀਬਲ ਮੁਸਾ, ਜਾਂ ਗੀਬਲ ਮੁਸਾ ("ਮੂਸਾ ਦੇ ਪਹਾੜ" ਲਈ ਅਰਬੀ ਨਾਮ) ਸ਼ਾਇਦ ਉਹ ਥਾਂ ਹੈ ਜਿੱਥੇ ਸ਼ਰਾ ਦਿੱਤੀ ਗਈ ਸੀ। ਚਾਰਲਸ ਐਫ. ਫੀਫਰ ਨੇ ਦੱਸਿਆ ਕਿ ਹਾਲਾਂਕਿ "ਤਿੰਨ ਪ੍ਰਾਚੀਨ ਮਾਰਗ" ਧਰਤੀ ਨੂੰ ਮਿਸਰ ਅਤੇ ਅਸਿਯਾ ਵਿਚਕਾਰ ਪੁਲ ਦੇ ਰਾਹੀਂ ਪਾਰ ਕਰਦੇ ਸਨ "ਕੂਚ ਇਸਰਾਏਲੀਆਂ ਨੂੰ ਉਸ ਕਿਸੇ ਵੀ ਰਾਹ ਤੇ ਨਹੀਂ ਲੈ ਕੇ ਗਿਆ ਜਿਨ੍ਹਾਂ ਮਾਰਗਾਂ ਤੇ ਬਹੁਤ ਜ਼ਿਆਦਾ ਸਫ਼ਰ ਕੀਤਾ ਜਾਂਦਾ ਸੀ।"[3] ਬਲਕਿ, ਇਸਰਾਏਲੀ ਦੱਖਣ ਦੀ ਵੱਲ ਮੁੜੇ ਅਤੇ ਇਸ ਤਰ੍ਹਾਂ ਆਖ਼ਰਕਾਰ ਸੀਨਈ, ਧਰਤੀ ਦੇ ਦੱਖਣੀ ਹਿੱਸੇ ਵਿਚ ਆਏ।




**ਕੂਚ ਦਾ ਸੰਭਾਵਿਤ ਰੂਟ**

## ਲਾਲ ਸਮੁੰਦਰ ਦੇ ਵਿੱਚੋਂ ਦੀ ਰਾਹ

ਇਕ ਹੋਰ ਸਵਾਲ ਇਹ ਹੈ ਕਿ "ਕੀ ਇਸਰਾਏਲੀ ਸੱਚਮੁੱਚ ਲਾਲ ਸਮੁੰਦਰ ਦੇ ਵਿੱਚੋਂ ਦੀ ਲੰਘੇ ਸੀ, ਜਾਂ ਉਨ੍ਹਾਂ ਨੇ ਲਾਲ ਸਮੁੰਦਰ ਦੇ ਉੱਤਰ ਵਿਚ ਕਿਸੇ ਥਾਂ ਤੋਂ ਦਲਦਲੀ ਝੀਲਾਂ ਨੂੰ ਪਾਰ ਕੀਤਾ ਸੀ?" ਸਵਾਲ ਉੱਠਦਾ ਹੈ, ਕੁਝ ਹੱਦ ਤੱਕ, ਕਿਉਂਕਿ ਇਬਰਾਨੀ ਸ਼ਬਦ יַם־סוּף *(ਯਮ ਸਪ)* ਜਿਨ੍ਹਾਂ ਦਾ ਜ਼ਿਆਦਾਤਰ ਅਨੁਵਾਦਾਂ ਵਿਚ ਅਨੁਵਾਦ "ਲਾਲ ਸਮੁੰਦਰ" ਕੀਤਾ ਗਿਆ ਸੀ ਉਨ੍ਹਾਂ ਨੂੰ "ਕਾਨਿਆਂ

ਦਾ ਸਮੁੰਦਰ" ਸਮਝਿਆ ਜਾਂਦਾ ਹੈ। NJB ਬਾਈਬਲ ਵਿਚ, ਕੂਚ ਦੀ ਲਿਖਤ ਵਿਚ "ਕਾਨਿਆਂ ਦਾ ਸਮੁੰਦਰ ਹੈ" (13:18; 15:4, 22), ਜਦ ਕਿ ਹੋਰ ਅਨੁਵਾਦ ਪਗ ਟਿੱਪਣੀ ਵਿਚ ਇਸ ਅਰਥ ਦਾ ਸੁਝਾਅ ਦਿੰਦੇ ਹਨ (NRSV; NIV)। *ਯਮ* "ਸਮੁੰਦਰ" ਲਈ ਇਬਰਾਨੀ ਸ਼ਬਦ ਦਾ ਅੰਗ੍ਰੇਜ਼ੀ ਰੂਪ ਹੈ; *ਸਪ* ਦਾ ਅਰਥ ਹੈ "ਕਾਨੇ" ਜਾਂ "ਝਾੜੀਆਂ।" ਵਿਦਵਾਨ ਤਰਕ ਕਰਦੇ ਹਨ ਕਿ ਕਿਉਂਕਿ ਕਾਨੇ ਤਾਜ਼ੇ ਪਾਣੀਆਂ ਵਿਚ ਉੱਗਦੇ ਹਨ ਨਾ ਕਿ ਖਾਰੇ ਪਾਣੀ ਵਿਚ, ਲਾਲ ਸਮੁੰਦਰ ਦਾ ਹਵਾਲਾ ਨਹੀਂ ਦਿੱਤਾ ਜਾ ਸਕਦਾ ਜਦੋਂ ਲਿਖਤ "ਕਾਨਿਆਂ ਦੇ ਸਮੁੰਦਰ" ਦੀ ਗੱਲ ਕਰਦੀ ਹੈ।

ਇਹ ਵਿਚਾਰ, ਹਾਲਾਂਕਿ ਟਿੱਪਣੀਕਾਰਾਂ ਵਿਚ ਪ੍ਰਸਿੱਧ ਹੈ,[4] ਉਨ੍ਹਾਂ ਵਿਦਵਾਨਾਂ ਦੁਆਰਾ ਇਸ ਦਾ ਖੰਡਨ ਕੀਤਾ ਗਿਆ ਹੈ[5] ਜਿਨ੍ਹਾਂ ਨੇ ਦੱਸਿਆ ਹੈ ਕਿ ਇਹੋ ਇਬਰਾਨੀ ਸ਼ਬਦ ਦੂਜੇ ਸੰਦਰਭਾਂ ਵਿਚ ਲਾਲ ਸਮੁੰਦਰ ਦਾ ਹਵਾਲਾ ਦਿੰਦੇ ਹਨ (ਕੂਚ 23:31; ਗਿਣਤੀ 14:25; 21:4; 33:10; ਬਿਵਸਥਾ ਸਾਰ 1:40; 2:1; 1 ਰਾਜਿਆਂ 9:26; ਯਿਰਮਿਯਾਹ 49:21)।[6]

ਜਿਹੜੇ ਚਮਤਕਾਰਾਂ ਤੇ ਸੰਦੇਹ ਕਰਦੇ ਹਨ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਪਰਮੇਸ਼ੁਰ ਨੇ ਪਾਣੀਆਂ ਨੂੰ ਦੋ ਭਾਗ ਕਰ ਦਿੱਤਾ ਅਤੇ ਇਸਰਾਏਲੀਆਂ ਨੂੰ ਸਮੁੰਦਰ ਦੇ ਵਿੱਚੋਂ ਦੀ ਲੰਘਣ ਦਿੱਤਾ, ਜਿਵੇਂ ਕਿ ਉਹ ਕੂਚ ਦੀ ਪੁਸਤਕ ਨਾਲ ਜੁੜੇ ਬਾਕੀ ਸਾਰੇ ਚਮਤਕਾਰਾਂ ਤੋਂ ਇਨਕਾਰ ਕਰਦੇ ਹਨ। ਹੋਰ ਸੰਦੇਹਵਾਦੀ ਇਹ ਵਿਸ਼ਵਾਸ ਕਰਨ ਦਾ ਕੋਈ ਕਾਰਣ ਨਹੀਂ ਵੇਖਦੇ ਕਿ ਸਮੁੰਦਰ ਨੂੰ ਪਾਰ ਕਰਨਾ ਇਕ ਅਸਲੀ ਇਤਿਹਾਸਕ ਘਟਨਾ ਸੀ; ਉਹ ਇਸ ਨੂੰ ਇਕ ਮਿਥਿਹਾਸਿਕ ਰਚਨਾ ਦੇ ਰੂਪ ਵਿਚ ਵੇਖਦੇ ਹਨ, ਪ੍ਰਾਚੀਨ ਮਸੋਪੋਤਾਮੀਆ ਦੇ ਹੋਰਨਾਂ ਲੋਕਾਂ ਦੇ ਮਿੱਥਾਂ ਦੇ ਬਰਾਬਰ, ਜਿਹੜੇ ਕਿ ਇਸਰਾਏਲ ਦੇ ਧਰਮ ਵਿਚ ਇਕ ਮਹੱਤਵਪੂਰਣ ਉਦੇਸ਼ ਨੂੰ ਪੂਰਾ ਕਰਨ ਦਾ ਕੰਮ ਕਰਦੇ ਸੀ। ਬਰਨਾਰਡ ਐਫ. ਬੱਟੋ ਨੇ ਲਿਖਿਆ, "ਬਾਈਬਲ ਦੇ ਲੇਖਕ ਆਪਣੇ ਜਮਾਨੇ ਦੇ ਲੋਕਾਂ ਦੇ ਲਈ ਉਨ੍ਹਾਂ ਦੀਆਂ ਪਰੰਪਰਾਵਾਂ ਦੇ ਮੁਕਤੀ ਦੀ ਮਹੱਤਤਾ ਦੇ ਪ੍ਰਤੀਕ ਦੀ ਬਜਾਇ ਇਤਿਹਾਸਿਕ ਅੰਕੜਿਆਂ ਬਾਰੇ ਦੱਸਣ ਵਿਚ ਘੱਟ ਰੁਚੀ ਰੱਖਦੇ ਸਨ।"[7] ਜਵਾਬ ਵਿਚ, ਜੌਨ ਜੇ. ਡੇਵਿਸ ਨੇ ਦੱਸਿਆ ਕਿ ਨਬੀਆਂ ਨੇ ਅਸਲੀ ਇਤਿਹਾਸਿਕ ਘਟਨਾਵਾਂ ਦਾ ਹਵਾਲਾ ਦਿੱਤਾ ਸੀ ਜਦੋਂ ਉਨ੍ਹਾਂ ਨੇ ਇਸਰਾਏਲੀਆਂ ਨੂੰ ਯਹੋਵਾਹ ਦੀ ਆਗਿਆ ਦਾ ਪਾਲਣ ਕਰਨ ਦੀ ਬੇਨਤੀ ਕੀਤੀ ਸੀ। ਉਸ ਨੇ ਆਖਿਆ, "ਇਹ ਦਲੀਲ ਕਿ ਇਸਰਾਏਲ ਦੇ ਅਧਿਆਤਮਕ ਮੁੱਲਾਂ ਦੇ ਲਈ ਇਤਿਹਾਸਕ ਤੱਥ ਮਹੱਤਵਪੂਰਣ ਨਹੀਂ ਹਨ ਲਿਖਤ ਦੀ ਸਧਾਰਣ ਭਾਸ਼ਾ ਦਾ ਖੰਡਣ ਕਰਦੀ ਹੈ ਅਤੇ ਨਬੂਵਤੀ ਪਰਚਾਰ ਦੇ ਤਰਕ ਦਾ ਦਿਵਾਲਿਆ ਕੱਢਦੀ ਹੈ।"[8]

ਜੋ ਲੋਕ ਵਿਹਾਰਕ ਆਧਾਰ ਤੇ ਲਾਲ ਸਮੁੰਦਰ ਨੂੰ ਚਮਤਕਾਰੀ ਢੰਗ ਨਾਲ ਪਾਪ ਕਰਨ ਦਾ ਵਿਰੋਧ ਕਰਦੇ ਹਨ ਉਨ੍ਹਾਂ ਦੇ ਲਈ ਇਹ ਸਮਝਣਾ ਮੁਸ਼ਕਲ ਹੈ ਕਿ ਕਿਵੇਂ ਪਰਮੇਸ਼ੁਰ (1) ਸਮੁੰਦਰ ਨੂੰ ਦੋ ਭਾਗ ਕਰ ਸਕਦਾ ਸੀ, (2) ਪਾਣੀ ਨੂੰ ਖੜ੍ਹਾ ਕਰ ਸਕਦਾ ਸੀ, (3) ਕਿਵੇਂ ਇਸਰਾਏਲੀਆਂ ਨੂੰ ਸਮੁੰਦਰ ਦੇ ਵਿੱਚੋਂ ਦੀ ਪਾਰ ਲੰਘਣ ਦੇ ਸਕਦਾ ਸੀ, (4) ਇੱਕੋ ਰਾਤ ਵਿਚ ਇੰਨੇ ਇਸਰਾਏਲੀਆਂ (600,000 ਮਨੁੱਖ ਨਾਲੇ ਔਰਤਾਂ ਅਤੇ ਬੱਚਿਆਂ) ਨੂੰ ਸੁਮੰਦਰ ਦੇ ਵਿੱਚੋਂ ਲੰਘਣ ਦਾ ਸਮਾਂ ਦੇ ਸਕਦਾ ਸੀ ਅਤੇ (5) ਫਿਰ ਉਸ ਫੌਜ ਨੂੰ ਨਾਸ ਕਰ ਸਕਦਾ ਸੀ ਜਿਸ ਨੇ ਇਸਰਾਏਲੀਆਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਹ ਜ਼ਿਆਦਾ ਸੁਭਾਵਕ ਵਿਆਖਿਆ ਨੂੰ ਪਸੰਦ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਦਲਦਲੀ ਝੀਲ ਦੇ ਖੋਖਲੇ ਇਲਾਕੇ ਵਿਚ - ਸ਼ਾਇਦ ਸਮੁੰਦਰ ਦਾ ਵਿਸਤਾਰ ਵੀ[9] - ਜਵਾਰਭਾਟੇ ਨੇ ਤੇਜ਼ ਹਵਾ ਨਾਲ ਮਿਲ ਕੇ ਇਸਰਾਏਲੀਆਂ ਨੂੰ ਦੂਜੇ ਪਾਰ ਲੰਘਣ ਦੇ ਲਈ ਰਾਹ ਤਿਆਰ ਕੀਤਾ ਹੋਵੇਗਾ। ਉਹ ਇਹ ਸਵੀਕਾਰ ਕਰਦੇ ਹਨ ਕਿ ਜਵਾਰਭਾਟੇ ਦੇ ਪਰਤਣ ਅਤੇ ਹਵਾ ਦੇ ਵਿਰਾਮ ਤੋਂ ਮਿਸਰੀ ਫੌਜ ਅਣਜਾਣ ਹੋ ਸਕਦੀ ਹੈ ਇਸ ਲਈ ਉਹ ਸਮੁੰਦਰ ਵਿਚ ਨਾਸ ਹੋ ਗਏ।

ਅਜਿਹੀ ਵਿਆਖਿਆ ਨਾਲ ਸਮੱਸਿਆ ਇਹ ਹੈ ਕਿ ਇਹ ਕਹਾਣੀ ਦੇ ਮਹੱਤਵਪੂਰਣ ਪਹਿਲੂਆਂ

ਦਾ ਇਨਕਾਰ ਕਰਦੀ ਹੈ ਜਿਵੇਂ ਕਿ ਕੂਚ ਦੀ ਪੁਸਤਕ ਵਿਚ ਦੱਸਿਆ ਗਿਆ ਹੈ। ਡੇਵਿਸ ਨੇ ਦੱਸਿਆ ਕਿ "ਬਾਈਬਲ ਦੀ ਲਿਖਤ ਜਵਾਰਭਾਟੇ ਦੇ ਉਤਾਰ ਅਤੇ ਵਹਾਅ ਦੀ ਗੱਲ ਨਹੀਂ ਕਰਦੀ।"[10] ਵਾਲਟਰ ਸੀ. ਕੇਸਰ, ਜੂਨੀਅਰ, ਨੇ ਸੱਜੇ ਖੱਬੇ ਪਾਣੀ ਦੀ ਕੰਧ ਸੰਬੰਧੀ ਟਿੱਪਣੀ ਕੀਤੀ ਸੀ (14:22, 29), "ਘਟਨਾ ਵਿਚ, ਜਦ ਕਿ ਹਵਾ ਦੇ ਸੁਭਾਵਕ ਤੱਤ ਸ਼ਾਮਲ ਕਰਦਿਆਂ, ਖਾਸ ਤੱਤ ਸਨ (ਬਿਵਸਥਾ ਸਾਰ 4:32, 34 ਨਾਲ ਤੁਲਨਾ ਕਰੋ), ਜਿਵੇਂ ਕਿ ਪਿਛਲੀਆਂ ਬਵਾਂ ਵਿਚ ਹੋਇਆ ਸੀ। ਇਸ ਲਈ ਇਹ ਘਟਨਾ ਵਿਚ ਪਰਮੇਸ਼ੁਰ ਦੀ ਹਜ਼ੂਰੀ ਦਾ ਸੁਝਾਅ ਦਿੰਦਾ ਹੈ।"[11]

ਸਾਨੂੰ ਇਸ ਚਮਤਕਾਰ ਦੇ ਹੋਣ ਵਿਚ "ਕੁਦਰਤੀ ਸਾਧਨਾਂ" ਨੂੰ ਖਾਰਿਜ ਕਰਨ ਦੀ ਲੋੜ ਨਹੀਂ ਹੈ, ਜਦੋਂ ਤੱਕ ਅਸੀਂ ਇਹ ਸਮਝਦੇ ਹਾਂ ਕਿ ਪਰਮੇਸ਼ੁਰ ਨੇ ਕੁਝ ਵਿਲੱਖਣ ਕੀਤਾ ਸੀ। ਲਿਖਤ ਸਿਰਫ ਇਹ ਮੰਗ ਕਰਦੀ ਹੈ ਕਿ ਪਾਠਕ ਇਸ ਗੱਲ ਨੂੰ ਸਵੀਕਾਰ ਕਰੇ ਕਿ ਇਸਰਾਏਲੀਆਂ ਨੇ ਅਦਭੁਤ ਤਰੀਕੇ ਨਾਲ ਕੁਝ ਅਜਿਹਾ ਪਾਰ ਕੀਤਾ ਜਿਸ ਨੂੰ *ਯਮ ਸਪ*, ਲਾਲ ਸਮੁੰਦਰ ਵਜੋਂ ਜਾਣਿਆ ਜਾਂਦਾ ਹੈ ਅਤੇ ਇਹ ਕਿ ਫ਼ਿਰਊਨ ਦੇ ਸਿਪਾਹੀ ਸਮੁੰਦਰ ਵਿਚ ਡੁੱਬ ਗਏ ਜਦੋਂ ਪਾਣੀਆਂ ਨੇ ਉਨ੍ਹਾਂ ਨੂੰ ਸਮੁੰਦਰ ਵਿਚ ਹੀ ਢਾਹ ਲਿਆ।[12] ਇਨ੍ਹਾਂ ਘਟਨਾਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਪਰਮੇਸ਼ੁਰ ਇਸਰਾਏਲੀਆਂ ਨੂੰ ਬਚਾ ਰਿਹਾ ਸੀ।

---

ਟਿੱਪਣੀਆਂ

[1]ਇਹੀ ਯਾਤਰਾ ਕਾਰਜਕ੍ਰਮ ਗਿਣਤੀ 33:1-15 ਵਿਚ ਮਿਲਦਾ ਹੈ, ਸਿਵਾਏ ਇਸ ਦੇ ਕਿ ਗਿਣਤੀ ਦੀ ਪੁਸਤਕ ਹੋਰ ਥਾਵਾਂ ਦਾ ਨਾਮ ਦਿੰਦੀ ਹੈ ਜਿੱਥੇ ਇਸਰਾਏਲੀਆਂ ਨੇ ਸੀਨਈ ਨੂੰ ਜਾਂਦਿਆਂ ਰਸਤੇ ਵਿਚ ਡੇਰਾ ਲਾਇਆ ਸੀ (ਗਿਣਤੀ 33:10-14)। [2]ਨਾਹੂਮ ਐਮ. ਸਰਨਾ, *ਇਕਸਪਲੋਰਿੰਗ ਐਕਸੋਡਸ: ਦਿ ਓਰਿਜਿਨਸ ਆਫ਼ ਬਿਬਲੀਕਲ ਇਜ਼ਰਾਏਲ* (ਨਿਊ ਯਾਰਕ" ਸ਼ੌਕਨ ਬੁਕਸ, 1996), 108; ਐਮ. ਹਾਰ-ਏਲ, *ਦ ਸੀਨਈ ਜੱਰਨੀਜ਼: ਦ ਰੂਟ ਆਫ਼ ਦਿ ਐਕਸੋਡਸ ਇਨ ਦ ਲਾਈਟ ਆਫ਼ ਦ ਹਿਸਟੋਰੀਕਲ ਜੀਓਗਰਾਫੀ ਆਫ਼ ਦ ਸੀਨਈ ਪੈਨਿਨਸੁਲਾ* (ਟੈਲ-ਅਵੀਵ: ਐਮ ਓਵਡ, 1973) ਦਾ ਹਵਾਲਾ ਦਿੰਦਿਆਂ। [3]ਚਾਰਲਸ ਐਫ. ਫੀਫਰ, ਸੰਪਾ. *ਦ ਬਿਬਲੀਕਲ ਵਰਲਡ: ਏ ਡਿਕਸ਼ਨਰੀ ਆਫ਼ ਬਿਬਲੀਕਲ ਆਰਕੀਓਲੋਜੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1966), 533. [4]ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990), 384, 389; ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1973), 118-19. ਡਰਹਮ ਨੇ ਇਸ ਦਾ ਅਨੁਵਾਦ "ਝਾੜੀਆਂ ਦਾ ਸਮੁੰਦਰ" ਕੀਤਾ ਸੀ। (ਜੌਨ ਆਈ. ਡਰਹਮ, *ਐਕਸੋਡਸ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 3 [ਵਾਕੋ, ਟੈਕਸਾਸ: ਵਰਡ ਬੁਕਸ, 1987], 182, 185)। [5]ਬਰਨਾਰਡ ਐਫ. ਬੱਟੋ ਨੇ "ਕਾਨੇ ਦੇ ਸਮੁੰਦਰ" ਧਾਰਣਾ ਵਿਰੁੱਧ ਦਲੀਲ ਦਿੱਤੀ ਸੀ। ਪਰ, ਉਸ ਨੇ ਦਸਤਾਵੇਜ਼ੀ ਧਾਰਣਾ ਦੀ ਵੈਧਤਾ ਅਤੇ ਸਮੁੰਦਰ ਦੇ ਜ਼ਰੀਏ ਇਸਰਾਏਲ ਦੇ ਛੁਟਕਾਰੇ ਦੀ ਕਹਾਣੀ ਦੇ ਗੈਰ-ਇਤਿਹਾਸਕ ਸੁਭਾਅ ਦੀ ਕਲਪਨਾ ਕੀਤੀ ਸੀ। (ਬਰਨਾਰਡ ਐਫ. ਬੱਟੋ, "ਦ ਰੀਡ ਸੀ: *ਰਿਕਿਉਸਕੈਟ ਇਨ ਪੇਸ,"* *ਜਰਨਲ ਆਫ਼ ਬਿਬਲੀਕਲ ਲਿਟਰੇਚਰ* 102 [ਮਾਰਚ 1983]: 27-35; ਬਰਨਾਰਡ ਐਫ. ਬੱਟੋ, "ਰੈਡ ਸੀ ਓਰ ਰੀਡ ਸੀ," *ਬਿਬਲੀਕਲ ਆਰਕੀਓਲੀਜੀ ਰਿਵਿਊ* 10 [ਜੁਲਾਈ-ਅਗਸਤ 1984]: 56-63.) [6]ਸਰਨਾ ਨੇ ਸਿੱਟਾ ਕੱਢਿਆ ਸੀ ਕਿ "'ਕਾਨਿਆਂ ਦਾ ਸਮੁੰਦਰ' ਨਾਮ ਵਿਸਤਾਰਪੂਰਵਕ ਲਾਗੂ ਕੀਤਾ ਗਿਆ ਸੀ" ਉਨ੍ਹਾਂ ਝੀਲਾਂ ਤੇ ਜੋ ਮਿਸਰ ਵਿਚ ਸਨ ਅਤੇ ਪਾਣੀਆਂ ਦੇ ਇਕੱਠ ਤੇ ਜਿਨ੍ਹਾਂ ਨੂੰ ਅੱਜ ਲਾਲ ਸਮੁੰਦਰ ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਇਸ ਗੱਲ ਨੂੰ ਵੀ ਜੋੜਿਆ ਕਿ ਇਹ ਨਿਸ਼ਚਤ ਤੌਰ ਇਹ ਜਾਣਨ ਨੂੰ ਮੁਸ਼ਕਲ ਬਣਾ ਦਿੰਦਾ ਹੈ ਕਿ ਕੂਚ 13-15 ਵਿਚ *ਯਮ ਸਪ* ਤੋਂ ਪਾਣੀ ਦੇ ਇਕੱਠ ਦਾ ਕੀ ਅਰਥ ਹੈ, ਇਹ ਕਹਿੰਦੇ ਹੋਏ ਕਿ "ਇਕ ਵਿਦਵਾਨ ਨੇ ਟਿੱਪਣੀ ਕੀਤੀ ਹੈ ਕਿ *ਯਮ ਸਫ* ਜਿਸ ਨੂੰ ਇਸਰਾਏਲੀਆਂ ਨੇ ਪਾਰ ਕੀਤਾ ਸੀ ਉਸ ਨੂੰ ਨੌਂ ਵੱਖ-ਵੱਖ ਪਾਣੀਆਂ ਦੇ ਇਕੱਠ ਵਜੋਂ ਵੱਖਰਾ-ਵੱਖਰ ਪਛਾਣਿਆ ਗਿਆ ਸੀ।" (ਸਰਨਾ, 107-8; ਹਰ-ਈ1 ਦਾ ਹਵਾਲਾ ਦਿੰਦਿਆਂ)। [7]ਬੱਟੋ, "ਰੈਡ ਸੀ ਓਰ ਰੂਡ ਸੀ," 63. [8]ਜੌਨ ਜੇ. ਡੇਵਿਸ, *ਮੋਜ਼ਜ ਐਂਡ ਦ ਗੌਡਸ ਆਫ਼ ਇਜਿਪਟ: ਸਟੱਡੀਜ਼ ਇਨ ਐਕਸੋਡਸ*, ਦੂਜਾ ਸੰਸਕਰਣ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1986), 182. [9]ਕੋਲ ਨੇ ਸੰਭਾਵਨਾ ਦੀ ਗੱਲ ਕੀਤੀ ਸੀ ਕਿ ਇਹ "ਕਾਨਿਆਂ ਦੇ ਰੇਹ, ਜੋ ਕਿ ਤਲੇ ਤੋਂ ਮੁਲਾਇਮ ਸਨ ਅਤੇ ਮੁੱਖ ਖਾਈ ਨਾਲ ਜੁੜੇ ਸਨ।" (ਕੋਲ, 121)। [10]ਡੇਵਿਸ, 172.

[11]ਕੇਸਰ, 389. [12]ਲਿਖਤ ਸਪੱਸ਼ਟ ਰੂਪ ਨਾਲ ਇਹ ਨਹੀਂ ਦੱਸਦੀ ਕਿ ਉਨ੍ਹਾਂ ਨੇ ਕਿੱਥੇ ਸਮੁੰਦਰ ਨੂੰ ਪਾਰ ਕੀਤਾ ਸੀ। ਡੇਵਿਸ ਨੇ, ਚਾਰ ਵਿਚਾਰਾਂ ਤੇ ਵਿਚਾਰ ਕਰਨ ਤੋਂ ਬਾਅਦ, ਆਖਿਆ ਕਿ ਸਮੁੰਦਰ ਨੂੰ ਪਾਰ ਕਰਨਾ ਸ਼ਾਇਦ ਕਿਤੇ ਨਾ ਕਿਤੇ ਬਿਟਰ ਲੇਕਸ, ਅਸਲੀ ਲਾਲ ਸਮੁੰਦਰ ਦੇ ਉੱਤਰ ਵਾਲੇ ਪਾਸੇ ਹੋਇਆ ਸੀ। ਉਸ ਨੇ ਆਪਣੇ ਵਿਚਾਰ ਨੂੰ ਇਸ ਮੱਤ ਤੇ ਅਧਾਰਿਤ ਕੀਤਾ ਕਿ ਇਹ ਵਿਚਾਰ ਬਾਈਬਲ ਦੇ ਸਬੂਤ ਵਿਚ ਬਿਲਕੁਲ ਢੁਕਵਾਂ ਬੈਠਦਾ ਹੈ ਅਤੇ ਦਾਅਵਾ ਕੀਤਾ ਕਿ "ਵੱਡੀ ਬਿਟਰ ਲੇਕ ਵਿਚ ਪਾਰ ਕਰਨ ਦਾ ਸੁਝਾਅ ਕਿਸੇ ਵੀ ਤਰੀਕੇ ਨਾਲ ਘਟਨਾ ਦੇ ਚਮਤਕਾਰੀ ਕਿਰਦਾਰ ਨੂੰ ਘੱਟ ਨਹੀਂ ਕਰਦਾ।" ਉਸ ਨੇ ਜ਼ੋਰ ਦਿੱਤਾ ਸੀ ਕਿ, ਮਿਸਰੀ ਫੌਜ ਨੂੰ ਡੁਬਾਉਣ ਦੇ ਲਈ, "ਪਾਰ ਕੀਤੇ ਗਏ ਪਾਣੀਆਂ ਨੇ ਡੂੰਘਿਆਈ ਨੂੰ ਨਹੀਂ ਦਿਖਾਇਆ ਹੋਵੇਗਾ" (ਡੇਵਿਸ, 176-80)।

## ਅਧਿਐਨ 3

# ਨੇਮ

"ਨੇਮ" ਦੀ ਧਾਰਣਾ ਨੂੰ ਸਮਝਣ ਦੇ ਲਈ ਅਤੇ ਦਰਅਸਲ ਪੂਰੇ ਪੁਰਾਣੇ ਨੇਮ ਨੂੰ ਸਮਝਣ ਦੇ ਲਈ ਕੂਚ ਦੀ ਪੁਸਤਕ ਇਕ ਕੁੰਜੀ ਹੈ। "ਨੇਮ" ਦੇ ਲਈ ਜਿਹੜਾ ਇਬਰਾਨੀ ਸ਼ਬਦ בְּרִית *(ਬੀਰਿਥ)* ਵਰਤਿਆ ਗਿਆ ਹੈ, ਪੁਰਾਣੇ ਨੇਮ ਵਿਚ 280 ਵਾਰ ਆਉਂਦਾ ਹੈ[1] ਅਤੇ ਇਸ ਦਾ ਅਰਥ ਹਮੇਸ਼ਾ ਇਕ ਸੰਧੀ ਜਾਂ ਸਮਝੌਤਾ ਹੁੰਦਾ ਹੈ।[2]

ਨੇਮ ਕੌਮਾਂ ਜਾਂ ਵਿਅਕਤੀਆਂ ਵਿਚਕਾਰ, ਜਾਂ ਪਰਮੇਸ਼ੁਰ ਅਤੇ ਮਨੁੱਖਾਂ ਵਿਚਕਾਰ ਬੰਨ੍ਹਿਆ ਜਾ ਸਕਦਾ ਸੀ। ਪੁਰਾਣੇ ਨੇਮ ਦੇ ਨੇਮਾਂ ਵਿਚ ਅਬੀਮਲਕ ਨਾਲ ਅਬਰਾਹਾਮ ਦਾ ਨੇਮ (ਉਤਪਤ 21:27, 32), ਦਾਊਦ ਨਾਲ ਯੋਨਾਥਾਨ ਦਾ ਨੇਮ (1 ਸਮੂਏਲ 18:3), ਅਬਨੇਰ ਨਾਲ ਦਾਊਦ ਦਾ ਨੇਮ (2 ਸਮੂਏਲ 3:12, 13) ਅਤੇ ਉਨ੍ਹਾਂ ਨਾਲ ਯਹੋਯਾਦਾ ਦਾ ਨੇਮ ਸੀ ਜਿਨ੍ਹਾਂ ਨੇ ਪਾਤਸ਼ਾਹ ਦੇ ਪੁੱਤ੍ਰ ਦੀ ਪਹਿਰੇਦਾਰੀ ਕੀਤੀ ਸੀ (2 ਰਾਜਿਆਂ 11:4)। ਨੇਮਾਂ ਨੂੰ ਬੰਨ੍ਹਣ ਵਿਚ ਸਿਆਸੀ ਗੱਠਜੋੜ ਵੀ ਸ਼ਾਮਲ ਹੁੰਦਾ ਸੀ। ਇਸਰਾਏਲ ਨੇ ਗਿਬਓਨੀਆਂ ਨਾਲ ਇਕ ਨੇਮ ਬੰਨ੍ਹਿਆ ਸੀ (ਯਹੋਸ਼ੁਆ 9:6-15); ਉੱਤਰੀ ਗੋਤ ਦਾਊਦ ਨਾਲ ਨੇਮ ਬੰਨ੍ਹਣ ਦੇ ਦੁਆਰਾ ਉਸ ਦੇ ਅਧੀਨ ਹੋ ਗਏ (2 ਸਮੂਏਲ 5:1-3); ਸੁਲੇਮਾਨ ਨੇ ਸੂਰ ਦੇ ਰਾਜਾ ਹੀਰਾਮ ਨਾਲ ਇਕ ਨੇਮ ਬੰਨ੍ਹਿਆ ਸੀ (1 ਰਾਜਿਆਂ 5:12); ਯਹੂਦਾਹ ਦਾ ਪਾਤਸ਼ਾਹ ਆਸਾ ਸਿਰਿਯਾ ਦੇ ਬਨਹਦਦ ਕੋਲੋਂ ਇਸਰਾਏਲ ਦੇ ਪਾਤਸ਼ਾਹ ਬਆਸ਼ਾ ਨਾਲ ਨੇਮ ਤੋੜਨ ਦੀ ਮੰਗ ਕਰਕੇ ਉਸ ਨਾਲ ਗੱਠਜੋੜ ਕਰਨਾ ਚਾਹੁੰਦਾ ਸੀ (1 ਰਾਜਿਆਂ 15:19) ਅਤੇ ਆਹਾਬ ਨੇ ਸਿਰਿਯਾ ਦੀ ਫੌਜ ਨੂੰ ਹਰਾਉਣ ਤੋਂ ਬਾਅਦ ਬਨਹਦਦ ਨਾਲ ਇਕ ਨੇਮ ਬੰਨ੍ਹਿਆ ਸੀ (1 ਰਾਜਿਆਂ 20:34)। ਇਸਰਾਏਲ ਨੂੰ ਦੂਜੀਆਂ ਕੌਮਾਂ ਨਾਲ ਨੇਮ ਬੰਨ੍ਹਣ ਦੇ ਵਿਰੁੱਧ ਚਿਤਾਵਨੀ ਦਿੱਤੀ ਸੀ (ਕੂਚ 23:32; 34:12–15; ਬਿਵਸਥਾ ਸਾਰ 7:2)। ਸਗੋਂ ਵਿਆਹ ਨੂੰ ਵੀ ਇਕ ਨੇਮ ਸਮਝਿਆ ਜਾਂਦਾ ਸੀ, ਕਿਉਂਕਿ ਇਸ ਦੇ ਵਿਚ ਪਤੀ ਅਤੇ ਪਤਨੀ ਵਿਚਕਾਰ ਇਕੱਠੇ ਰਹਿਣ ਦਾ ਸਮਝੌਤਾ ਹੁੰਦਾ ਸੀ (ਕਹਾਉਤਾਂ 2:17; ਮਲਾਕੀ 2:14)।

ਮਨੁੱਖ ਨਾਲ ਪਰਮੇਸ਼ੁਰ ਦੀਆਂ ਕਰਨੀਆਂ ਦਾ ਇਤਹਾਸ, ਇਕ ਭਾਵ ਵਿਚ, ਉਨ੍ਹਾਂ ਨੇਮਾਂ ਦਾ ਇਤਹਾਸ ਹੈ ਜੋ ਪਰਮੇਸ਼ੁਰ ਨੇ ਮਨੁੱਖ ਨਾਲ ਬੰਨ੍ਹੇ ਸਨ। ਪਰਮੇਸ਼ੁਰ ਦੇ ਸਾਰੇ ਨੇਮਾਂ ਵਿਚ ਪਰਮੇਸ਼ੁਰ ਦੁਆਰਾ ਦਿੱਤੀਆਂ ਗਈਆਂ ਬਰਕਤਾਂ ਸ਼ਾਮਲ ਸਨ ਜੋ ਮਨੁੱਖਜਾਤੀ ਨੂੰ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਨਾਲ ਜੁੜੀਆਂ ਸਨ।[3]

### ਬਾਈਬਲ ਵਿਚ ਨੇਮਾਂ ਦਾ ਪਿਛੋਕੜ

ਪਰਮੇਸ਼ੁਰ ਦਾ ਸ਼ੁਰੂਆਤੀ ਨੇਮ ਆਦਮ ਨਾਲ ਸੀ, ਹਾਲਾਂਕਿ "ਨੇਮ" ਸ਼ਬਦ ਨਹੀਂ ਵਰਤਿਆ ਗਿਆ ਹੈ। ਆਦਮ ਨੂੰ ਕੁਝ ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਸਨ (ਉਤਪਤ 1:28, 29; 2:15-17)। ਨੂਹ ਨਾਲ ਪਰਮੇਸ਼ੁਰ ਦਾ ਨੇਮ (ਉਤਪਤ 6:18; 9:9-17) ਸ਼ਾਇਦ ਪੂਰੇ ਪੁਰਾਣੇ ਨੇਮ ਦੇ ਸਮੇਂ ਵਿਚ ਅਬਰਾਹਾਮ ਦੀ ਅੰਸ ਤੋਂ ਇਲਾਵਾ ਸਭਨਾਂ ਤੇ ਲਾਗੂ ਰਿਹਾ (ਉਤਪਤ 15:18; 17:2-8; ਕੂਚ 2:24), ਜਿਸ ਦੇ ਵਿਚ ਉਹ ਵਾਅਦੇ ਸ਼ਾਮਲ ਸਨ ਜਿਨ੍ਹਾਂ ਬਾਈਬਲ ਦੇ

ਇਤਹਾਸ ਨੂੰ ਬਣਾਇਆ ਸੀ। ਫਿਰ ਪਰਮੇਸ਼ੁਰ ਨੇ ਇਸਰਾਏਲ ਦੀ ਪਰਜਾ ਨਾਲ ਇਕ ਨੇਮ ਬੰਨ੍ਹਿਆ ਸੀ, ਉਹ ਨੇਮ ਜਿਸ ਨੇ ਬਾਕੀ ਦੇ ਪੁਰਾਣੇ ਨੇਮ ਦੇ ਯੁੱਗ ਦੇ ਲਈ ਇਸਰਾਏਲ ਨਾਲ ਪਰਮੇਸ਼ੁਰ ਦੀਆਂ ਕਰਨੀਆਂ ਨੂੰ ਨਿਯੰਤਰਤ ਕੀਤਾ ਸੀ। ਬਾਅਦ ਵਿਚ ਪਰਮੇਸ਼ੁਰ ਨੇ ਦਾਊਦ ਰਾਜਾ ਨਾਲ ਇਕ ਨੇਮ ਬੰਨ੍ਹਿਆ(2 ਸਮੂਏਲ 7:12, 13; 23:5), ਜਿਸ ਦੇ ਵਿਚ ਉਹ ਵਾਅਦਾ ਸੀ ਜਿਹੜਾ ਆਖ਼ਰਕਾਰ ਮਸੀਹਾ ਵਿਚ ਪੂਰਾ ਹੋਇਆ ਸੀ। ਪਰ, ਦਾਊਦ ਦੇ ਨੇਮ ਨੇ, ਜਦ ਕਿ ਇਸ ਨੇ ਅਬਰਾਹਾਮ ਨਾਲ ਕੀਤੇ ਗਏ ਪਰਮੇਸ਼ੁਰ ਦੇ ਵਾਅਦਿਆਂ ਨੂੰ ਪੂਰਾ ਕਰਨ ਵਿਚ ਯੋਗਦਾਨ ਦਿੱਤਾ ਸੀ, ਮੂਸਾ ਦੇ ਨੇਮ ਦੇ ਨਿਯਮਾਂ ਜਾਂ ਸ਼ਰਤਾਂ ਨੂੰ ਨਹੀਂ ਸੀ ਬਦਲਿਆ। ਅੰਤ ਵਿਚ, ਜਿਵੇਂ ਕਿ ਪਰਮੇਸ਼ੁਰ ਨੇ ਯਿਰਮਿਯਾਹ ਦੇ ਰਾਹੀਂ ਵਾਅਦਾ ਕੀਤਾ ਸੀ (ਯਿਰਮਿਯਾਹ 31:31-34), ਉਸ ਨੇ ਆਪਣੇ ਲੋਕਾਂ ਨਾਲ ਇਕ ਨਵਾਂ ਨੇਮ ਬੰਨ੍ਹਿਆ ਜਦੋਂ ਮਸੀਹਾ ਅਰਥਾਤ ਮਸੀਹ ਆਇਆ (ਵੇਖੋ ਮੱਤੀ 26:28; ਇਬਰਾਨੀਆਂ 8:8-13)।[4]

## ਇਤਹਾਸ ਵਿਚ ਨੇਮ

ਨੇਮ ਇਸਰਾਏਲ ਦੇ ਲਈ ਵਿਲੱਖਣ ਸਨ; ਉਹ ਪੂਰੇ ਪ੍ਰਾਚੀਨ ਮਸੋਪੋਤਾਮੀਆ ਵਿਚ ਆਮ ਸਨ। ਆਮ ਤੌਰ ਤੇ, ਲੋਕਾਂ ਜਾਂ ਕੌਮਾਂ ਵਿਚਕਾਰ ਦੋ ਕਿਸਮਾਂ ਦੇ ਸੰਧੀ-ਨੇਮ ਬੰਨ੍ਹੇ ਜਾ ਸਕਦੇ ਸਨ। ਪਹਿਲੇ ਵਿਚ ਬਰਾਬਰ ਦੇ ਲੋਕਾਂ ਵਿਚਕਾਰ ਸੰਧੀਆਂ ਸ਼ਾਮਲ ਸਨ। ਇਨ੍ਹਾਂ ਸਮਝੌਤਿਆਂ ਵਿਚ ਅਕਸਰ ਤੋਹਫ਼ਿਆਂ ਦਾ ਵਟਾਂਦਰਾ ਜਾਂ ਸੰਧੀ ਕਰਨ ਵਾਲੇ ਭਾਈਵਾਲਾਂ ਦੇ ਸ਼ਾਹੀ ਘਰਾਂ ਵਿਚਕਾਰ ਵਿਆਹ ਦਾ ਪ੍ਰਬੰਧ ਕਰਨਾ ਸ਼ਾਮਲ ਹੁੰਦਾ ਸੀ। ਸ਼ਾਇਦ ਸੁਲੇਮਾਨ ਦੀਆਂ ਮਿਸਰ ਅਤੇ ਸੂਰ ਨਾਲ ਕਰਨੀਆਂ ਵਿਚ ਅਜਿਹੀਆਂ ਸੰਧੀਆਂ ਸ਼ਾਮਲ ਸਨ।

ਸੰਧੀ-ਨੇਮ ਦੀ ਹੋਰ ਕਿਸਮ, ਜਿਸ ਨੂੰ ਅਧਿਰਾਜ-ਦਾਸ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਵੱਡੀ ਸ਼ਕਤੀ ਜਾਂ ਰਾਜਾ ਅਤੇ ਛੋਟੀ ਸ਼ਕਤੀ, ਜਿਵੇਂ ਕਿ ਛੋਟੇ ਰਾਜੇ ਵਿਚਕਾਰ ਸੀ। ਹਿੱਤੀਆਂ ਦੇ ਦੇਸ ਵਿੱਚੋਂ ਉਦਾਹਰਣਾਂ (ਇਕ ਪ੍ਰਾਚੀਨ ਰਾਜ ਜਿਹੜਾ ਕਿ ਉਸ ਥਾਂ ਤੇ ਸਥਿਤ ਸੀ ਜਿਸ ਨੂੰ ਅੱਜ ਦੇ ਸਮੇਂ ਵਿਚ ਤੁਰਕੀ ਕਹਿੰਦੇ ਹਨ) ਨੂੰ ਉਸ ਸਮੇਂ ਪੂਰੇ ਪ੍ਰਾਚੀਨ ਮਸੋਪੋਤਾਮੀਆ ਅਜਿਹੀਆ ਸੰਧੀਆਂ ਦਾ ਪ੍ਰਤੀਕਾਤਮਕ ਸਮਝਿਆ ਜਾਂਦਾ ਹੈ। ਉਨ੍ਹਾਂ ਸੰਧੀਆਂ ਵਿਚ ਹੇਠ ਲਿਖੇ ਹਿੱਸੇ ਸ਼ਾਮਲ ਹੁੰਦੇ ਸਨ:

1. ਸੰਧੀ ਦੇ ਲੇਖਕ ਦਾ ਨਾਮ ਰੱਖਣ ਦੀ ਪ੍ਰਸਤਾਵਨਾ।
2. ਇਤਹਾਸਕ ਮੁੱਖਬੰਧ ਜੋ ਸੰਧੀ ਤੇ ਹਸਤਾਖਰ ਕਰਨ ਤੋਂ ਪਹਿਲਾਂ ਧਿਰਾਂ ਵਿਚਕਾਰ ਸੰਬੰਧਾਂ ਨੂੰ ਸ਼ੁਰੂ ਕਰਦਾ ਸੀ।
3. ਨਿਯਮ ਜੋ ਭਾਈਵਾਲਾਂ ਦੀਆਂ ਆਪਸੀ ਜ਼ਿੰਮੇਵਾਰੀਆਂ ਦੀ ਵਿਆਖਿਆ ਕਰਦੇ ਸਨ।
4. ਦਸਤਾਵੇਜ਼ੀ ਧਾਰਾ ਜੋ ਸੰਧੀ ਦਸਤਾਵੇਜ਼ ਦਾ ਵਰਣਨ ਕਰਦੀ ਸੀ ਅਤੇ ਇਸ ਨੂੰ ਨਿਯਮਤ ਵਕਫ਼ਿਆਂ ਤੇ ਪੜ੍ਹਨ ਦੇ ਲਈ ਦਾਸ ਦਾ ਇੰਤਜ਼ਾਮ ਕਰਦੀ ਸੀ।
5. ਸੰਧੀ ਦੀ ਗਵਾਹੀ ਦੇਣ ਵਾਲਿਆਂ ਦੇਵਤਿਆਂ ਦੀ ਇਕ ਸੂਚੀ।
6. ਸਰਾਪ ਅਤੇ ਬਰਕਤਾਂ, ਦਾਸ ਨੂੰ ਬਿਮਾਰੀ, ਮੌਤ ਅਤੇ ਦੇਸ਼ ਨਿਕਾਲੇ ਆਦਿ ਦੀ ਧਮਕੀ ਦੇਣਾ, ਜੇਕਰ ਉਹ ਸੰਧੀ ਨੂੰ ਤੋੜਦਾ ਹੈ, ਪਰ ਉਸ ਨੂੰ ਖੁਸ਼ਹਾਲੀ ਅਤੇ ਬਰਕਤ ਦਾ ਵਾਅਦਾ ਦੇਣ ਜੇਕਰ ਉਹ ਵਫ਼ਾਦਾਰ ਰਹਿੰਦਾ ਹੈ।[5]

## ਮੂਸਾ ਦਾ ਨੇਮ

ਪ੍ਰਾਚੀਨ ਹਿੱਤੀ ਅਧਿਰਾਜ-ਦਾਸ ਦੇ ਨੇਮਾਂ ਦੇ ਢਾਂਚੇ ਅਤੇ ਪਰਮੇਸ਼ੁਰ ਅਤੇ ਇਸਰਾਏਲ ਵਿਚਕਾਰ ਬੰਨ੍ਹੇ ਗਏ ਨੇਮ ਦੇ ਢਾਂਚੇ ਵਿਚਕਾਰ ਕੁਝ ਸਮਾਨਤਾਵਾਂ ਹਨ। (1) ਕੂਚ 19 ਵਿਚ

ਪਰਮੇਸ਼ੁਰ ਨੇ ਖੁਦ ਦੀ ਪਛਾਣ ਕਰਵਾਉਣ ਦੁਆਰਾ ਸ਼ੁਰੂਆਤ ਕੀਤੀ ਸੀ, ਜੋ ਕਿ ਪ੍ਰਸਤਾਵਨਾ ਦੇ ਬਰਾਬਰ ਹੈ। (2) ਫਿਰ ਉਸ ਨੇ ਉਸ ਬਾਰੇ ਗੱਲ ਕੀਤੀ ਜੋ ਉਸ ਨੇ ਇਸਰਾਏਲ ਦੇ ਲਈ ਕੀਤੀ ਸੀ - ਜੋ ਕਿ "ਇਤਹਾਸਕ ਮੁੱਖਬੰਦ" ਦੇ ਬਰਾਬਰ ਹੈ। (3) ਅਗਲੀ ਗੱਲ, ਉਸ ਨੇ ਨਿਯਮ ਦਿੱਤੇ ਸਨ: ਉਸ ਨੇ ਆਖਿਆ, "ਤੁਸੀਂ ਉਹ ਸਭ ਕਰਨਾ ਜੋ ਮੈਂ ਤੁਹਾਨੂੰ ਆਖਿਆ ਹੈ।" ਪੁਰਾਣੇ ਨੇਮ ਵਿਚ ਹੋਰ ਥਾਵਾਂ ਤੇ ਬਰਾਬਰ ਦੀਆਂ ਗੱਲਾਂ ਪਾਈਆਂ ਜਾ ਸਕਦੀਆਂ ਹਨ (4) ਦਸਤਾਵੇਜ਼ੀ ਧਾਰਾ ਅਤੇ (6) ਸਰਾਪ ਅਤੇ ਬਰਕਤਾਂ ਜੋ ਨੇਮ ਦਾ ਪਾਲਣ ਕਰਨ ਜਾਂ ਪਾਲਣ ਨਾ ਕਰਨ ਨਾਲ ਸੰਬੰਧ ਰੱਖਦੇ ਹਨ। ਪਰ, ਨਾ ਹੀ ਇੱਥੇ ਨਾ ਹੀ ਪੁਰਾਣੇ ਨੇਮ ਵਿਚ ਹੋਰ ਕਿਤੇ ਬਰਾਬਰ ਦੀਆਂ ਗੱਲਾਂ ਮਿਲ ਸਕਦੀਆਂ ਹਨ (5) ਸੰਧੀ ਦੀ ਗਵਾਹੀ ਦੇਣ ਵਾਲਿਆਂ ਦੇਵਤਿਆਂ ਦੀ ਇਕ ਸੂਚੀ।[6] ਕਿਉਂ? ਕਿਉਂਕਿ, ਸਪੱਸ਼ਟ ਰੂਪ ਵਿਚ, ਇਸਰਾਏਲੀ ਲੋਕ ਸਿਰਫ ਇੱਕੋ ਪਰਮੇਸ਼ੁਰ ਵਿਚ ਵਿਸ਼ਵਾਸ ਰੱਖਦੇ ਸਨ; ਇਸ ਲਈ ਉਹ ਇਸ ਵਿਚਾਰ ਨੂੰ ਸਵੀਕਾਰ ਨਹੀਂ ਕਰਨਗੇ ਕਿ ਜਿਸ ਧਿਰ ਨਾਲ ਉਹ ਸੰਧੀ ਕਰਨ ਜਾ ਰਹੇ ਹਨ ਉਸ ਦੇ ਚਸ਼ਮਦੀਦ ਗਵਾਹ "ਦੇਵਤੇ" (ਬਹੁਵਚਨ) ਹੋਣ।

ਕੂਚ 19 ਵਿਚ ਪਾਇਆ ਜਾਣ ਵਾਲਾ ਨੇਮ ਬਹੁਤ ਹੀ ਮਹੱਤਵਪੂਰਣ ਹੈ। ਬਾਕੀ ਦਾ ਪੁਰਾਣਾ ਨੇਮ ਇਸ ਸਮਝੌਤੇ ਦੇ ਆਧਾਰ ਤੇ ਸਮਝਿਆ ਜਾਣਾ ਚਾਹੀਦਾ ਹੈ। ਇਹ ਨੇਮ ਪੂਰੇ ਮੂਸਾ ਦੇ ਯੁੱਗ ਵਿਚ ਪਰਮੇਸ਼ੁਰ ਨਾਲ ਇਸਰਾਏਲ ਦੇ ਰਿਸ਼ਤੇ ਤੇ ਰਾਜ ਕਰਦਾ ਸੀ। ਉਦਾਹਰਣ ਦੇ ਲਈ, ਛੇਵੀਂ ਸਦੀ ਈਸਾ ਪੂਰਵ ਵਿਚ, ਯਿਰਮਿਯਾਹ ਨੇ ਪੁੱਛਿਆ ਕਿ ਯਰੂਸ਼ਲਮ ਨੂੰ ਕਿਉਂ ਬਰਬਾਦ ਕੀਤਾ ਜਾਣਾ ਸੀ। ਇਸ ਸਵਾਲ ਦਾ ਜਵਾਬ ਸੀ "ਏਸ ਲਈ ਕਿ ਓਹਨਾਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਨੇਮ ਨੂੰ ਛੱਡ ਦਿੱਤਾ" (ਯਿਰਮਿਯਾਹ 22:9)। ਇਸ ਤੋਂ ਇਲਾਵਾ, ਜਦੋਂ ਯਿਰਮਿਯਾਹ ਨੇ ਇਹ ਅਗੰਮ ਵਾਕ ਕੀਤਾ ਸੀ ਕਿ ਪਰਮੇਸ਼ੁਰ ਇਸਰਾਏਲ ਨਾਲ ਇਕ ਨਵਾਂ ਨੇਮ ਬੰਨ੍ਹੇਗਾ, ਉਸ ਨੇ ਆਖਿਆ ਸੀ ਕਿ ਇਹ "ਉਸ ਨੇਮ ਵਾਂਙੁ ਨਹੀਂ ਜਿਹੜਾ [ਪਰਮੇਸ਼ੁਰ ਨੇ] ਓਹਨਾਂ ਦੇ ਪਿਉ ਦਾਦਿਆਂ ਨਾਲ ਬੰਨ੍ਹਿਆ ਜਿਸ ਦਿਨ [ਉਸ ਨੇ] ਓਹਨਾਂ ਦਾ ਹੱਥ ਫੜਿਆ ਭਈ ਓਹਨਾਂ ਨੂੰ ਮਿਸਰ ਦੇਸ ਵਿੱਚੋਂ ਲਿਆਵੇ, ਜਿਸ [ਉਸ ਦੇ] ਨੇਮ ਨੂੰ ਓਹਨਾਂ ਨੇ ਤੋੜ ਦਿੱਤਾ" (ਯਿਰਮਿਯਾਹ 31:32)। ਯਿਰਮਿਯਾਹ ਦੀ ਸਮਝ ਦੇ ਅਨੁਸਾਰ, ਨੇਮ ਜੋ ਸੀਨਈ ਪਹਾੜ ਤੇ ਬੰਨ੍ਹਿਆ ਗਿਆ ਸੀ ਉਦੋਂ ਤੱਕ ਲਾਗੂ ਰਿਹਾ ਜਦੋਂ ਤੱਕ ਪਰਮੇਸ਼ੁਰ ਨੇ "ਨਵਾਂ ਨੇਮ" ਨਹੀਂ ਦਿੱਤਾ।

ਪੁਰਾਣੇ ਨੇਮ ਦੇ ਬਾਅਦ ਵਾਲੇ ਹਿੱਸੇ ਇਹ ਕਹਿੰਦੇ ਪ੍ਰਤੀਤ ਹੁੰਦੇ ਹਨ ਕਿ ਇਸਰਾਏਲ ਨੇ ਯਹੋਵਾਹ ਨਾਲ ਇਕ ਨਵਾਂ ਨੇਮ ਬੰਨ੍ਹਿਆ ਸੀ (ਵੇਖੋ ਯਹੋਸ਼ੁਆ 24:25; ਅਜ਼ਰਾ 10:3; ਨਹਮਯਾਹ 9:38)। ਪਰ, ਜੇਕਰ ਪਾਠਕ ਹਰ ਹਵਾਲੇ ਨੂੰ ਜਾਂਚਦਾ ਹੈ, ਉਹ ਵੇਖੇਗਾ ਕਿ ਸੰਦਰਭ ਇਕ ਵੱਖਰੇ ਨੇਮ ਦਾ ਨਹੀਂ ਹੈ ਪਰ ਮੂਸਾ ਦੇ ਨੇਮ ਦਾ ਹੈ। ਕਈ ਵਾਰ ਨੇਮ ਦੇ ਹਿੱਸੇ ਨੂੰ ਇਸ ਤਰ੍ਹਾਂ ਬੋਲਿਆ ਗਿਆ ਹੈ ਜਿਵੇਂ ਕਿ ਇਹ ਸਮੁੱਚਾ ਨੇਮ ਹੋਵੇ। "ਹੁਕਮ" ਹਾਲਾਂਕਿ ਨੇਮ ਦਾ ਸਿਰਫ ਹਿੱਸਾ ਹਨ, ਕਈ ਵਾਰ "ਨੇਮ" ਸ਼ਬਦ ਦੇ ਸਮਕਾਲੀ ਹਨ। ਇਸ ਤੋਂ ਇਲਾਵਾ, ਲੋਕਾਂ ਨੂੰ ਕਈ ਵਾਰ ਯਹੋਵਾਹ ਦੇ ਨਾਲ "ਨੇਮ ਬੰਨ੍ਹਣ" ਦੇ ਲਈ ਆਖਿਆ ਗਿਆ ਸੀ ਜਦ ਕਿ, ਅਸਲ ਵਿਚ, ਉਹ ਜਾਂ ਤਾਂ ਉਨ੍ਹਾਂ ਦੇ ਨੇਮ ਦੀਆਂ ਮਨੌਤਾਂ ਨੂੰ ਨਵੇਂ ਸਿਰਿਓਂ ਨਵਾਂ ਕਰ ਰਹੇ ਸਨ ਜਾਂ ਆਪਣੀ ਸਵੈ-ਇੱਛਾ ਨਾਲ ਆਪਣੇ ਆਪ ਨੂੰ ਨੇਮ ਦੇ ਅਧੀਨ ਕਰ ਰਹੇ ਸਨ। ਅਰਥਾਤ, ਉਹ ਉਸੇ ਕਿਸਮ ਦੀ ਮਨੌਤ ਮੰਨ ਕੇ ਇਸ ਨੇਮ ਵਿਚ ਸ਼ਾਮਲ ਹੋ ਰਹੇ ਸਨ ਜੋ ਇਸਰਾਏਲ ਨੇ ਕੂਚ 19 ਵਿਚ ਮੰਨੀ ਸੀ।

ਪੁਰਾਣੇ ਨੇਮ ਦਾ ਇਤਹਾਸ ਵਿਖਾਉਂਦਾ ਹੈ ਕਿ ਜਿੰਨੀ ਦੇਰ ਤੱਕ ਇਸਰਾਏਲੀਆਂ ਨੇ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕਰਕੇ ਨੇਮ ਨੂੰ ਮੰਨਿਆ, ਪਰਮੇਸ਼ੁਰ ਨੇ ਉਨ੍ਹਾਂ ਨੂੰ ਬਰਕਤ ਦਿੱਤੀ। ਜਦੋਂ ਉਨ੍ਹਾਂ ਨੇ ਅਣਆਗਿਆਕਾਰੀ ਕੀਤੀ (ਜੋ ਕਿ ਅਕਸਰ ਹੁੰਦੀ ਸੀ), ਤਾਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਸਜ਼ਾ ਦਿੱਤੀ। ਪੁਰਾਣੇ ਨੇਮ ਦੇ ਕਵੀਆਂ ਨੇ ਪਰਮੇਸ਼ੁਰ ਦੇ ਇਸਰਾਏਲ ਨਾਲ ਅਜਿਹਾ ਨੇਮ ਬੰਨ੍ਹਣ ਦੇ ਲਈ

ਪਰਮੇਸ਼ੁਰ ਦੀ ਕਿਰਪਾ ਦੇ ਲਈ ਉਸ ਦੀ ਉਸਤਤ ਕੀਤੀ ਸੀ, ਜਾਂ ਉਨ੍ਹਾਂ ਨੇ ਇਸਰਾਏਲ ਦੀ ਇਸ ਦਾ ਪਾਲਣ ਕਰਨ ਵਿਚ ਅਸਫ਼ਲਤਾ ਦੇ ਲਈ ਵਿਰਲਾਪ ਕੀਤਾ ਸੀ। ਨਬੀਆਂ ਨੇ ਜਾਂ ਤਾਂ ਇਸਰਾਏਲ ਨੂੰ ਇਸ ਦਾ ਪਾਲਣ ਕਰਨ ਦੀ ਬੇਨਤੀ ਕੀਤੀ ਸੀ ਜਾਂ ਨਾਸ ਦੀ ਧਮਕੀ ਦਿੱਤੀ ਸੀ ਕਿਉਂਕਿ ਉਨ੍ਹਾਂ ਨੇ ਇਸ ਦਾ ਪਾਲਣ ਨਹੀਂ ਸੀ ਕੀਤਾ।

## ਨਵਾਂ ਨੇਮ

ਨਵਾਂ ਨੇਮ, ਪੁਰਾਣੇ ਨੇਮ ਦੇ ਵਾਂਗ, ਪਰਮੇਸ਼ੁਰ ਦੇ ਕਿਰਪਾਲੂ ਕੰਮਾਂ ਤੇ ਅਧਾਰਿਤ ਹੈ - ਨਾ ਕਿ ਉਸ ਤੇ ਜੋ ਮਨੁੱਖਾਂ ਨੇ ਕੀਤਾ ਹੈ। ਇਹ ਪਰਮੇਸ਼ੁਰ ਦੇ ਨਾਲ ਸ਼ੁਰੂ ਹੁੰਦਾ ਹੈ, ਨਾ ਕਿ ਮਨੁੱਖਾਂ ਦੇ ਨਾਲ। ਮਨੁੱਖਾਂ ਨੂੰ ਨੇਮ ਨੂੰ ਜਾਂ ਤਾਂ ਸਵੀਕਾਰ ਕਰਨ ਜਾਂ ਠੁਕਰਾਉਣ ਦਾ ਹੱਕ ਹੈ, ਪਰ ਇਸ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਬਦਲਣ ਦਾ ਹੱਕ ਨਹੀਂ ਹੈ। ਨਵੇਂ ਨੇਮ ਵਿਚ, ਪੁਰਾਣੇ ਨੇਮ ਦੇ ਵਾਂਗ, ਬਰਕਤਾਂ ਅਤੇ ਸਰਾਪ ਸ਼ਾਮਲ ਹਨ। ਜੋ ਲੋਕ ਇਸ ਨੂੰ ਮੰਨਣ ਵਿਚ ਅਸਫ਼ਲ ਹੋ ਜਾਂਦੇ ਹਨ ਦੋਸ਼ੀ ਠਹਿਰਣਗੇ। ਜੋ ਲੋਕ ਨਵੇਂ ਨੇਮ ਦੀਆਂ ਜ਼ਿੰਮੇਵਾਰੀਆਂ ਤੇ ਖਰੇ ਉੱਤਰਦੇ ਹਨ ਬਰਕਤ ਪਾਉਣਗੇ। ਅਸੀਂ ਨਵੇਂ ਨੇਮ ਦੇ ਅਧੀਨ ਪਰਮੇਸ਼ੁਰ ਦੇ ਬੱਚੇ ਬਣ ਸਕਦੇ ਹਾਂ (2 ਕੁਰਿੰਥੀਆਂ 3:6) ਅਤੇ ਯਿਸੂ ਖੁਦ ਇਸ ਨਵੇਂ ਨੇਮ ਦਾ ਵਿਚੋਲਾ ਹੈ (ਇਬਰਾਨੀਆਂ 12:24)।

---

ਟਿੱਪਣੀਆਂ

[1]ਡੇਵਿਡ ਟੀ. ਲਸਕ, *ਗੌਡ ਆਫ਼ ਦ ਕਵਨੈਂਟ* (ਪੰਨਾ ਰਹਿਤ: ਲੇਖਕ ਦੁਆਰਾ, 1994), 4. [2]ਕੁਝ ਸ੍ਰੋਤ ਸਪੱਸ਼ਟ ਰੂਪ ਨਾਲ ਦੱਸਦੇ ਹਨ ਕਿ ਨੇਮ ਦੇ ਸਮਝੌਤੇ ਵਿਚ ਇਕ "ਰਸਮੀ ਸਮਝੌਤਾ" ਸ਼ਾਮਲ ਹੁੰਦਾ ਸੀ। ਗੈਰੀ ਏ. ਹੇਰੀਓਨ ਨੇ "ਨੇਮ" ਨੂੰ ਦੋ "ਜਾਂ ਦੋ ਤੋਂ ਵੱਧ ਧਿਰਾਂ ਵਿਚਕਾਰ ਇਕ ਪਵਿੱਤਰ ਸਮਝੌਤੇ ਵਜੋਂ ਪਰਿਭਾਸ਼ਿਤ ਕੀਤਾ ਸੀ ਜੋ ਕਿਸੇ ਕਿਸਮ ਦੀ ਸਹੁੰ ਨੂੰ ਪੱਕਾ ਕਰਦਾ ਸੀ" (ਗੈਰੀ ਏ. ਹੇਰੀਓਨ ਦੀ ਪੁਸਤਕ *ਈਰਡਮੈਂਸ ਡਿਕਸ਼ਨਰੀ ਆਫ਼ ਦ ਬਾਈਬਲ*, ਸੰਪਾ. ਡੇਵਿਡ ਨੋਇਲ ਫਰੀਡ-ਮੈਨ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 2000] ਵਿਚ ਸਫ਼ਾ 288 ਤੇ "ਨੇਮ" ਹੈ)। [3]ਪਰਮੇਸ਼ੁਰ ਅਤੇ ਮਨੁੱਖ ਵਿਚਕਾਰ ਕੁਝ ਨੇਮ, ਜਿਵੇਂ ਕਿ ਅਬਰਾਹਾਮ ਅਤੇ ਦਾਊਦ ਦੇ ਨੇਮ, ਕਿਹਾ ਜਾਂਦਾ ਹੈ ਕਿ ਬਿਨਾਂ ਸ਼ਰਤ ਵਾਲੇ ਨੇਮ ਹਨ, ਕਿਉਂਕਿ ਉਨ੍ਹਾਂ ਦੇ ਲਈ ਮਨੁੱਖ ਦੀ ਆਗਿਆਕਾਰੀ ਦੀ ਲੋੜ ਨਹੀਂ ਸੀ। ਪਰ, ਅਬਰਾਹਾਮ ਨੂੰ ਦਿੱਤੇ ਗਏ ਪਰਮੇਸ਼ੁਰ ਦੇ ਵਾਅਦਿਆਂ ਨੂੰ ਕਿਰਿਆਸ਼ੀਲ ਨਿਹਚਾ ਦੁਆਰਾ ਸਵੀਕਾਰ ਕੀਤਾ ਗਿਆ ਸੀ ਅਤੇ ਇਹ ਵਾਅਦਾ ਕਿ ਦਾਊਦ ਦੀ ਸੰਤਾਨ ਇਸਰਾਏਲ ਦੇ ਦੁਨਿਆਵੀ ਸਿੰਘਾਸਣ ਤੇ ਰਾਜ ਕਰੇਗੀ ਨਿਸ਼ਚਤ ਤੌਰ ਤੇ ਸ਼ਰਤ ਵਾਲਾ ਨੇਮ ਸੀ। ਇਸ ਲਈ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਮਨੁੱਖ ਨਾਲ ਪਰਮੇਸ਼ੁਰ ਦੇ ਸਾਰੇ ਨੇਮ, ਕਿਸੇ ਨਾ ਕਿਸੇ ਭਾਵ ਵਿਚ, ਸ਼ਰਤ ਸਣੇ ਹੋਣਗੇ। [4]ਹੋਰ ਨੇਮਾਂ ਦਾ ਜ਼ਿਕਰ ਕੀਤਾ ਗਿਆ ਹੈ, ਖਾਸ ਕਰਕੇ ਜਾਜਕਪੁਣੇ ਸੰਬੰਧੀ ਫ਼ੀਨਹਾਸ ਦੇ ਨਾਲ (ਗਿਣਤੀ 25:11-13)। ਉਸ ਹਾਲਤ ਵਿਚ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ "ਨੇਮ" ਸ਼ਬਦ ਨੇਮ ਦੇ ਹਿੱਸੇ - ਨੇਮ ਵਿਚ ਕੀਤੇ ਗਏ ਵਾਅਦਿਆਂ - ਦੇ ਲਈ ਵਰਤਿਆ ਗਿਆ ਸੀ ਜਿਵੇਂ ਕਿ ਹੋਰ ਥਾਵਾਂ ਤੇ "ਨੇਮ" ਸਿਰਫ ਨੇਮ ਵਿਚ ਪਾਏ ਜਾਣ ਵਾਲੇ ਹੁਕਮਾਂ, ਜਾਂ ਸ਼ਰਤਾਂ ਦਾ ਹਵਾਲਾ ਦਿੰਦਾ ਜਾਪਦਾ ਹੈ। [5]*ਈਰਡਮੈਂਸ ਹੈਂਡਬੁਕ ਟੂ ਦ ਬਾਈਬਲ*, ਸੰਪਾ. ਡੇਵਿਡ ਐਲਗਜੰਡਰ ਅਤੇ ਪੈਟ ਐਲਗਜੰਡਰ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1973) ਵਿਚ ਸਫ਼ੇ 198-99 ਤੇ ਗੋਰਡਨ ਵੈਨਹਮ "ਕੋਵਨੈਂਟ ਐਂਡ ਨੀਅਰ ਈਸਟਰਨ ਟ੍ਰੀਟੀਜ਼" ਹੈ। [6]ਹਾਲਾਂਕਿ, ਕੁਝ ਹਾਲਾਤਾਂ ਵਿਚ, ਹੋਰ "ਗਵਾਹਾਂ" ਦਾ ਹਵਾਲਾ ਦਿੱਤਾ ਗਿਆ ਸੀ (ਵੇਖੋ ਯਹੋਸ਼ੁਆ 24:22, 27)।

# ਅਧਿਐਨ 4

# ਮੂਸਾ ਦੀ ਸ਼ਰਾ

ਪੁਰਾਣੇ ਨੇਮ ਵਿਚ, "ਸ਼ਰਾ" ਸ਼ਬਦਾਵਲੀ, ਜਦੋਂ ਤੱਕ ਇਸ ਵਿਚ ਹੋਰ ਸੋਧ ਨਹੀਂ ਸੀ ਕੀਤਾ ਗਿਆ, ਉਨ੍ਹਾਂ ਬਿਧੀਆਂ ਦਾ ਹਵਾਲਾ ਦਿੰਦੀ ਹੈ ਜੋ ਸੀਨਈ ਪਹਾੜ ਤੇ ਮੂਸਾ ਰਾਹੀਂ ਪਰਮੇਸ਼ੁਰ ਦੇ ਦੁਆਰਾ ਇਸਰਾਏਲੀਆਂ ਨੂੰ ਦਿੱਤੀਆਂ ਗਈਆਂ ਸਨ ਨਾਲੇ ਉਨ੍ਹਾਂ ਦਾ ਵੀ ਜੋ ਇਸਰਾਏਲੀਆਂ ਦੇ ਉਜਾੜ ਵਿਚ ਭੜਕਣ ਦੌਰਾਨ ਦਿੱਤੀਆਂ ਗਈਆਂ ਸਨ। ਜਦੋਂ ਨਬੀਆਂ ਨੇ ਇਸਰਾਏਲੀਆਂ ਨੂੰ ਸ਼ਰਾ ਦਾ ਪਾਲਣ ਕਰਨ ਦੀ ਤਗੀਦ ਕੀਤੀ ਅਤੇ ਇਸਰਾਏਲੀਆਂ ਨੂੰ ਧਮਕਾਇਆ ਕਿਉਂਕਿ ਉਨ੍ਹਾਂ ਨੇ ਸ਼ਰਾ ਨੂੰ ਤੋੜਿਆ ਸੀ, ਉਹ ਬਿਵਸਥਾ ਸਾਰ ਦੇ ਰਾਹੀਂ ਕੂਚ ਵਿਚ ਪਾਈ ਜਾਣ ਵਾਲੀ ਮੂਸਾ ਦੀ ਸ਼ਰਾ ਦਾ ਹਵਾਲਾ ਦੇ ਰਹੇ ਸਨ। ਬਾਕੀ ਦਾ ਪੁਰਾਣਾ ਨੇਮ, ਪੰਚਗ੍ਰੰਥ ਤੋਂ ਇਲਾਵਾ, ਸ਼ਰਾ ਨੂੰ ਸ਼ਾਮਲ ਨਹੀਂ ਕਰਦਾ। ਬਲਕਿ, ਇਹ ਇਸ ਗੱਲ ਦਾ ਉਦਾਹਰਣ ਦਿੰਦਾ ਹੈ ਕਿ ਕਿਵੇਂ ਸ਼ਰਾ ਦਾ ਪਾਲਣ ਕੀਤਾ ਜਾ ਰਿਹਾ ਸੀ ਜਾਂ ਕਿਵੇਂ ਸ਼ਰਾ ਤੋੜੀ ਜਾ ਰਹੀ ਸੀ।

ਅੱਜਕੱਲ੍ਹ ਦੇ ਵਿਦਵਾਨ "ਨੈਤਿਕ ਸ਼ਰਾ" ਅਤੇ "ਰਸਮੀ ਸ਼ਰਾ" ਦੀ ਗੱਲ ਕਰਦੇ ਹਨ। ਕਈ ਸੁਝਾਅ ਦਿੰਦੇ ਹਨ ਕਿ "ਰਸਮੀ ਸ਼ਰਾ" ਬੀਤ ਚੁੱਕੀ ਹੈ, ਜਦ ਕਿ "ਨੈਤਿਕ ਸ਼ਰਾ" ਹਾਲੇ ਵੀ ਲਾਗੂ ਹੈ। ਸ਼ਰਾ ਆਪਣੇ ਆਪ ਵਿਚ ਅਜਿਹਾ ਕੋਈ ਭੇਦਭਾਵ ਨਹੀਂ ਕਰਦੀ। ਸਗੋਂ ਦਸ ਹੁਕਮਾਂ ਵਿਚ ਵੀ ਰਸਮ ਜਾਂ ਬੰਦਗੀ ਨਾਲ ਸੰਬੰਧਤ ਬਿਧੀਆਂ (ਪਹਿਲੀਆਂ ਚਾਰ) ਅਤੇ ਨੈਤਿਕਤਾ ਨਾਲ ਸੰਬੰਧਤ ਬਿਧੀਆਂ (ਆਖ਼ਰੀ ਛੇ) ਹਨ। ਪੁਰਾਣੇ ਨੇਮ ਦੇ ਕਈ ਬੰਦਾਂ ਵਿਚ, ਦੋਹਾਂ ਕਿਸਮਾਂ ਨੂੰ ਆਪਸ ਵਿਚ ਮਿਲਾਇਆ ਗਿਆ ਹੈ ਜੋ ਕਿ ਉਨ੍ਹਾਂ ਵਿਚਕਾਰ ਕਿਸੇ ਫ਼ਰਕ ਵੱਲ ਇਸ਼ਾਰਾ ਨਹੀਂ ਕਰਦਾ। ਨਵੇਂ ਨੇਮ ਵਿਚ, ਪੌਲੁਸ ਨੇ ਇਹ ਬੋਲਣ ਦੁਆਰਾ ਕਿ "ਸ਼ਰਾ ਦੀਆਂ ਬਿਧੀਆਂ ਅਤੇ ਕਨੂੰਨਾਂ ਸਣੇ" (ਅਫ਼ਸੀਆਂ 2:15), ਉਸ ਨੇ "ਹੁਕਮਾਂ" (ਨੈਤਿਕ ਸ਼ਰਾ) ਅਤੇ "ਬਿਧੀਆਂ" (ਰਸਮੀ ਸ਼ਰਾ) ਵਿਚਕਾਰ ਭੇਦਭਾਵ ਦੇ ਸਵਾਲ ਨੂੰ ਹੀ ਹੱਲ ਕਰ ਦਿੱਤਾ।

ਬਿਵਸਥਾ ਸਾਰ ਰਾਹੀਂ ਕੂਚ ਵਿਚ ਦਰਜ ਸ਼ਰਾ ਪਰਮੇਸ਼ੁਰ ਦੀ ਪਰਜਾ ਦੇ ਫਾਇਦੇ ਲਈ ਦਿੱਤੀ ਗਈ ਸੀ। ਸ਼ਰਾ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਨੇ ਬਹੁਤ ਸਾਰੇ ਮਾਮਲਿਆਂ ਵਿਚ ਇਸ ਨੂੰ ਚੰਗੀ ਸ਼ਰਾ ਬਣਾ ਦਿੱਤਾ ਸੀ।

### ਇਸ ਦਾ ਵਿਆਪਕ ਸੁਭਾਅ

ਮੂਸਾ ਦੀ ਸ਼ਰਾ ਵਿਆਪਕ ਸੀ ਜੋ ਕਿ ਜੀਵਨ ਦੇ ਹਰੇਕ ਪਹਿਲੂ ਦਾ ਵਰਣਨ ਕਰਦੀ ਸੀ। ਇਸ ਨੇ ਇਸਰਾਏਲ ਦੀ ਧਾਰਮਿਕ ਅਤੇ ਨੈਤਿਕ ਨਿਯਮਾਵਲੀ ਦਿੱਤੀ। ਇਸ ਦੇ ਵਿਚ ਹੇਠ ਲਿਖਿਆ ਵਿਸ਼ਿਆਂ ਤੇ ਵੀ ਬਹੁਤ ਸਾਰੇ ਨਿਯਮ ਸਨ:[1]

1. ਪਰਿਵਾਰ (ਕੂਚ 20:12; 21:15, 17; ਬਿਵਸਥਾ ਸਾਰ 21:15–21; 22:13–30; 24:1–4)
2. ਖੇਤੀਬਾੜੀ (ਕੂਚ 23:10, 11; ਲੇਵੀਆਂ 19:9, 10)
3. ਅਰਥਸ਼ਾਸਤਰ, ਵਪਾਰ ਅਤੇ ਮਜ਼ਦੂਰੀ (ਕੂਚ 21:2–11; ਲੇਵੀਆਂ 19:13, 35, 36;

ਬਿਵਸਥਾ ਸਾਰ 23:19, 20; 24:10–15)

4. ਗਰੀਬਾਂ ਦੀ ਦੇਖਭਾਲ (ਲੇਵੀਆਂ 19:9, 10; ਬਿਵਸਥਾ ਸਾਰ 23:24, 25; 24:19–22)
5. ਤੰਦਰੁਸਤੀ ਅਤੇ ਸਾਫ਼-ਸਫ਼ਾਈ (ਬਿਵਸਥਾ ਸਾਰ 23:12, 13; 24:8)
6. ਨਿਆਇਕ ਪ੍ਰਣਾਲੀ (ਕੂਚ 20:16; 23:1–3; ਲੇਵੀਆਂ 19:15)
7. ਕਰ (ਗਿਣਤੀ 18)
8. ਯੁੱਧ ਦਾ ਵਤੀਰਾ (ਬਿਵਸਥਾ ਸਾਰ 20)।
9. ਵਾਅਦੇ ਦੇ ਦੇਸ ਵਿਚ ਰਹਿਣ ਵਾਲੇ ਲੋਕਾਂ ਨਾਲ ਸੰਬੰਧ (ਕੂਚ 23:23-33)
10. ਪੜ੍ਹਾਈ ਲਿਖਾਈ (ਬਿਵਸਥਾ ਸਾਰ 6:6-9)
11. ਗੁਆਂਢੀਆਂ ਵਿਚਕਾਰ ਸੰਬੰਧ (ਕੂਚ 22:5, 6)

ਜੀਵਨ ਦਾ ਹਰੇਕ ਪਹਿਲੂ ਇਸ ਦੇ ਨਿਯਮਾਂ ਦੁਆਰਾ ਛੋਹਿਆ ਗਿਆ ਹੈ। ਇਸਰਾਏਲੀਆਂ ਨੇ ਉਨ੍ਹਾਂ ਦੇ ਜੀਵਨਾਂ ਦੇ ਹਰੇਕ ਹਿੱਸੇ ਦੀ ਧਾਰਮਿਕ ਅਤੇ ਆਤਮਿਕ ਦਿਸ਼ਾ ਨੂੰ ਵੇਖਣਾ ਸੀ।

ਸ਼ਰਾ, ਜਿਸ ਨੇ ਇਨ੍ਹਾਂ ਸਾਰਿਆਂ ਵਿਸ਼ਿਆਂ ਦਾ ਵਰਣਨ ਕਰਨਾ ਹੈ, ਉਸ ਦੇ ਵਿਚ ਛੇ ਸੌ ਤੋਂ ਵੀ ਵੱਧ ਹੁਕਮ ਸਨ।[2] ਪਰ, ਸਗੋਂ ਓਨੀਆਂ ਬਿਧੀਆਂ ਵੀ ਹਰ ਸੰਭਵ ਸਥਿਤੀ ਦਾ ਵਰਣਨ ਨਹੀਂ ਕਰ ਸਕੀਆਂ ਜਿਨ੍ਹਾਂ ਦਾ ਇਸਰਾਏਲੀਆਂ ਨੇ ਸਾਹਮਣਾ ਕਰਨਾ ਸੀ। ਇਸ ਲਈ, ਸ਼ਰਾ "ਨਿਰਦੇਸ਼ਨਾਤਮਕ"[3] ਸੀ: ਇਹ ਉਨ੍ਹਾਂ ਸਥਿਤੀਆਂ ਦੇ ਲਈ ਇਕ ਮਿਸਾਲ - ਇਕ ਨਮੂਨਾ ਜਾਂ ਉਦਾਹਰਣ - ਪ੍ਰਾਸੰਗਿਕਤਾ ਪ੍ਰਦਾਨ ਕਰਦੀ ਸੀ ਜਿਨ੍ਹਾਂ ਦਾ ਵਰਣਨ ਨਿਸ਼ਚਤ ਰੂਪ ਵਿਚ ਵਿਅਕਤੀਗਤ ਬਿਧੀਆਂ ਰਾਹੀਂ ਨਹੀਂ ਸੀ ਕੀਤਾ ਗਿਆ।

### ਇਸ ਦੇ ਬਰਕਤਾਂ ਦੇ ਵਾਅਦੇ ਅਤੇ ਸਰਾਪ ਦੀਆਂ ਧਮਕੀਆਂ

ਸ਼ਰਾ ਨੂੰ ਬਰਕਤਾਂ ਦੇ ਵਾਅਦਿਆਂ ਅਤੇ ਸਰਾਪ ਦੀਆਂ ਧਮਕੀਆਂ ਦੁਆਰਾ ਦਰਸਾਇਆ ਗਿਆ ਸੀ, ਇਸ ਤੇ ਨਿਰਭਰ ਕਰਦੇ ਹੋਏ ਕਿ ਲੋਕਾਂ ਨੇ ਇਸ ਦੇ ਹੁਕਮਾਂ ਦੀ ਪਾਲਣਾ ਕੀਤੀ ਸੀ ਜਾਂ ਨਹੀਂ। ਅਸਲੀ ਨੇਮ ਵਿਚ ਜੋ ਪਰਮੇਸ਼ੁਰ ਨੇ ਇਸਰਾਏਲ ਦੇ ਨਾਲ ਬੰਨ੍ਹਿਆ ਸੀ ਸ਼ਰਤੀਆਂ ਬਰਕਤਾਂ ਦੇ ਬਾਰੇ ਸਪੱਸ਼ਟ ਰੂਪ ਨਾਲ ਦੱਸਿਆ ਗਿਆ ਹੈ (ਕੂਚ 19:5)। ਪੂਰੀ ਸ਼ਰਾ ਵਿਚ ਵਾਧੂ ਵਾਅਦੇ ਖਿੰਡੇ ਹੋਏ ਹਨ, ਨਾਲੇ ਅਣਆਗਿਆਕਾਰੀ ਦੇ ਲਈ ਸਜ਼ਾ ਦੀਆਂ ਅਨੇਕ ਧਮਕੀਆਂ ਅਤੇ ਉਦਾਹਰਣਾਂ ਵੀ।

ਲੇਵੀਆਂ 26 ਵਿਚ ਅਤੇ ਬਿਵਸਥਾ ਸਾਰ 27 ਅਤੇ 28 ਵਿਚ ਬਰਕਤਾਂ ਅਤੇ ਸਰਾਪਾਂ ਦੀਆਂ ਦੋ ਲੜੀਆਂ ਮਿਲਦੀਆਂ ਹਨ। ਜੀਵਨ ਦੇ ਉਨ੍ਹਾਂ ਖੇਤਰਾਂ ਵਿਚ ਜਿਸ ਵਿਚ ਉਹ ਬਰਕਤ ਪਾਉਣਗੇ ਜੇਕਰ ਉਨ੍ਹਾਂ ਨੇ ਆਗਿਆ ਦਾ ਪਾਲਣ ਕੀਤਾ ਹੈ, ਪਰਮੇਸ਼ੁਰ ਉਨ੍ਹਾਂ ਨੂੰ ਉਸੇ ਖੇਤਰ ਵਿਚ ਸਰਾਪ ਦੇਵੇਗਾ ਜੇਕਰ ਉਨ੍ਹਾਂ ਨੇ ਅਣਆਗਿਆਕਾਰੀ ਕੀਤੀ ਹੈ (ਬਿਵਸਥਾ ਸਾਰ 28:5-13 ਦੀ 28:17-26 ਨਾਲ ਤੁਲਨਾ ਕਰੋ)। ਸ਼ਰਾ ਦੇ ਇਹ ਵਾਅਦੇ ਅਤੇ ਧਮਕੀਆਂ ਤਿੰਨ ਤਰੀਕਿਆਂ ਨਾਲ ਉਨ੍ਹਾਂ ਨਾਲੋਂ ਬਹੁਤ ਵੱਖਰੀਆਂ ਹਨ ਜੋ ਨਵੇਂ ਨੇਮ ਵਿਚ ਦਿੱਤੀਆਂ ਗਈਆਂ ਹਨ:

*ਉਹ ਵਿਅਕਤੀਗਤ ਨਹੀਂ ਬਲਕਿ ਕੌਮੀ ਸਨ।* ਸ਼ਰਾ ਨੇ ਸਮੁੱਚੇ ਇਸਰਾਏਲ ਨਾਲ ਗੱਲ ਕੀਤੀ। ਬਰਕਤਾਂ ਸ਼ਰਾ ਦੇ ਪ੍ਰਤੀ ਕੌਮ ਦੀ ਆਗਿਆਕਾਰੀ ਤੇ ਅਧਾਰਿਤ ਸਨ ਅਤੇ ਪਰਮੇਸ਼ੁਰ ਨੇ ਲੋਕਾਂ ਦੇ ਸਮੂਹਿਕ ਪਾਪ ਦੇ ਕਾਰਣ ਕੌਮ ਨੂੰ ਸਜ਼ਾ ਦਿੱਤੀ ਸੀ (ਵੇਖੋ 2 ਰਾਜਿਆਂ 17)।[4] ਇਸ ਲਈ, ਜਦੋਂ ਸਜ਼ਾ ਮਿਲੀ, ਨਿਰਦੋਸ਼ ਲੋਕਾਂ ਨੂੰ ਦੋਸ਼ੀ ਲੋਕਾਂ ਦੇ ਨਾਲ ਦੁੱਖ ਝੱਲਣਾ ਪਿਆ।

*ਉਹ ਆਤਮਿਕ ਨਹੀਂ ਬਲਕਿ ਭੌਤਿਕਵਾਦੀ ਸਨ।* ਪੁਰਾਣੇ ਨੇਮ ਦੇ ਸਮਿਆਂ ਵਿਚ ਆਤਮਿਕ ਬਰਕਤਾਂ ਉਨ੍ਹਾਂ ਦੇ ਲਈ ਉਪਲਬਧ ਸਨ ਜਿਹੜੇ ਯਹੋਵਾਹ ਦੀ ਆਗਿਆ ਦਾ ਪਾਲਣ ਕਰਦੇ ਸਨ,

ਪਰ ਨੇਮ ਦੇ ਵਾਅਦੇ ਸਰੀਰਕ ਬਰਕਤਾਂ - ਖੁਸ਼ਹਾਲੀ, ਦੁਸ਼ਮਣਾਂ ਉੱਤੇ ਜਿੱਤ ਅਤੇ ਦੇਸ ਦੀ ਫਤਹਿ - ਤੇ ਕੇਂਦਰਿਤ ਸਨ। ਅਣਆਗਿਆਕਾਰੀ ਦੇ ਲਈ ਸਜ਼ਾ ਵਿਚ ਕਾਲ, ਮਹਾਮਾਰੀ, ਮੌਤ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਸੀ। ਪਰਮੇਸ਼ੁਰ ਨੇ ਵਿਅਕਤੀ ਦੇ ਨਾਲੇ ਕੌਮ ਦੇ ਪਾਪਾਂ ਨਾਲ ਨਜਿੱਠਣ ਦੇ ਲਈ ਕੁਰਬਾਨੀ ਵਾਲੀ ਪ੍ਰਣਾਲੀ ਬਣਾਈ ਸੀ, ਪਰ ਨੇਮ ਦੀਆਂ ਬਰਕਤਾਂ ਮੁੱਖ ਤੌਰ ਤੇ ਸਰੀਰਕ ਸਨ।

*ਉਹ ਸਦੀਪਕ ਦੀ ਬਜਾਇ ਅਸਥਾਈ ਸਨ।* ਸ਼ਰਾ ਦੇ ਵਾਅਦਿਆਂ ਅਤੇ ਧਮਕੀਆਂ ਦੀ ਪੂਰਤੀ ਇਸ ਸੰਸਾਰ ਵਿਚ ਹੀ ਹੋਈ ਸੀ। ਜਦ ਕਿ ਪੁਰਾਣੇ ਨੇਮ ਦੇ ਯੁੱਗ ਦੌਰਾਨ ਵਿਅਕਤੀਆਂ ਦੇ ਲਈ ਸਦੀਪਕ ਇਨਾਮਾਂ ਅਤੇ ਸਜ਼ਾ ਦੀ ਕੋਈ ਧਾਰਣਾ ਰਹੀ ਹੋਵੇਗੀ,[5] ਸ਼ਰਾ ਨੇ ਅਜਿਹੇ ਵਾਅਦਿਆਂ ਨੂੰ ਸਪੱਸ਼ਟ ਨਹੀਂ ਕੀਤਾ। ਇਹ ਨਵੇਂ ਨੇਮ ਦੇ ਉਲਟ ਹੈ, ਜਿਹੜਾ ਸਦੀਪਕ ਜੀਵਨ ਦਾ ਵਾਅਦਾ ਦਿੰਦਾ ਹੈ।

## ਸ਼ਰਾ ਦੀਆਂ ਹੋਰ ਵਿਸ਼ੇਸ਼ਤਾਵਾਂ

ਸ਼ਰਾ ਨਾ ਸਿਰਫ ਵਿਆਪਕ ਸੀ, ਬਰਕਤਾਂ ਦੇ ਵਾਅਦਿਆਂ ਅਤੇ ਸਰਾਪ ਦੀਆਂ ਧਮਕੀਆਂ ਦੇ ਨਾਲ, ਪਰ ਇਸ ਦੇ ਹੋਰ ਵੀ ਜ਼ਰੂਰੀ ਗੁਣ ਸਨ।

*ਇਹ ਪਰਮੇਸ਼ੁਰ ਦੇ ਕਿਰਪਾਲੂ ਕੰਮਾਂ ਤੇ ਅਧਾਰਿਤ ਸੀ, ਆਗਿਆਕਾਰੀ ਦੇ ਲਈ ਕਾਰਣਾਂ ਨਾਲ।* ਇਸਰਾਏਲੀ ਲੋਕ ਆਗਿਆ ਦਾ ਪਾਲਣ ਕਰਨ ਦੇ ਲਈ ਉਤਸੁਕ ਹੋਣਗੇ ਕਿਉਂਕਿ ਯਹੋਵਾਹ ਪਰਮੇਸ਼ੁਰ ਨੇ ਖੁਦ - ਉਹ ਜਿਹੜਾ ਉਨ੍ਹਾਂ ਨੂੰ ਪਿਆਰ ਨਾਲ ਮਿਸਰ ਵਿੱਚੋਂ ਬਾਹਰ ਕੱਢ ਕੇ ਲਿਆਇਆ ਸੀ - ਉਨ੍ਹਾਂ ਨੂੰ ਸ਼ਰਾ ਦਿੱਤੀ ਸੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਵਿਸ਼ੇਸ਼ ਕਾਰਣਾਂ ਦੇ ਲਈ ਸ਼ਰਾ ਨੂੰ ਮੰਨਣ ਦੀ ਬੇਨਤੀ ਕੀਤੀ ਸੀ (ਕੂਚ 22:21; 23:9)।

*ਇਸ ਦੇ ਲਈ ਪਵਿੱਤਰ ਵਿਹਾਰ ਦੀ ਲੋੜ ਸੀ।* ਉਦਾਹਰਣ ਦੇ ਲਈ, ਇਹ ਖੂਨ ਕਰਨ, ਜ਼ਨਾਹਕਾਰੀ ਕਰਨ, ਚੋਰੀ ਕਰਨ ਅਤੇ ਝੂਠ ਬੋਲਣ ਤੋਂ ਮਨ੍ਹਾ ਕਰਦੀ ਸੀ। ਇਹ ਮਾਤਾ-ਪਿਤਾ ਦੀ ਆਗਿਆਕਾਰੀ ਕਰਨ ਦੇ ਲਈ ਉਤਸ਼ਾਹਿਤ ਕਰਦੀ ਸੀ ਅਤੇ ਤਲਾਕ ਅਤੇ ਪਰਿਵਾਰ ਵਿਚ ਵਧਦੀ ਅਸਥਿਰਤਾ ਦੇ ਲਈ ਨਿਰਉਤਸ਼ਾਹਿਤ ਕਰਦੀ ਸੀ।

*ਇਹ ਵਿਚਾਰਾਂ ਅਤੇ ਰਵੱਈਆਂ ਤੇ ਰਾਜ ਕਰਦੀ ਸੀ।* ਚੋਰੀ ਕਰਨ ਅਤੇ ਖੂਨ ਕਰਨ ਵਰਗੇ ਕੰਮਾਂ ਨੂੰ ਗਲਤ ਆਖਿਆ ਗਿਆ ਸੀ, ਪਰ ਲੋਕਾਂ ਨੂੰ ਨਫਰਤ ਨਾ ਕਰਨ ਅਤੇ ਗੁਆਂਢੀ ਦੇ ਪ੍ਰਤੀ ਮਨ ਵਿਚ ਕੋਈ ਗੁੱਸਾ ਗਿਲ੍ਹਾ ਨਾ ਰੱਖਣ ਦੀ ਵੀ ਸਿੱਖਿਆ ਦਿੱਤੀ ਗਈ ਸੀ (ਲੇਵੀਆਂ 19:17, 18)।

*ਇਹ ਸੰਪਤੀ ਤੋਂ ਜ਼ਿਆਦਾ ਜੀਵਨ ਨੂੰ ਮਹੱਤਵ ਦਿੰਦੀ ਸੀ।* ਮਨੁੱਖੀ ਜੀਵਨ ਨੂੰ ਬਹੁਮੁੱਲਾ ਸਮਝਿਆ ਗਿਆ ਸੀ।

*ਇਹ ਵਿਅਕਤੀਗਤ ਤੌਰ ਤੇ ਬਦਲਾ ਲੈਣ ਤੋਂ ਮਨ੍ਹਾ ਕਰਦੀ ਸੀ* (ਲੇਵੀਆਂ 19:18)। ਤੁਲਨਾ ਵਿਚ, ਇਹ ਮੰਗ ਕਰਦੀ ਸੀ ਕਿ ਵਿਅਕਤੀ ਆਪਣੇ ਦੁਸ਼ਮਣਾਂ ਨਾਲ ਚੰਗਾ ਵਿਹਾਰ ਕਰੇ (ਕੂਚ 23:4, 5)।

*ਇਹ ਬੇਸਹਾਰਿਆਂ ਦੀ ਰੱਖਿਆ ਕਰਦੀ ਸੀ।* ਸ਼ਰਾ ਪਰਦੇਸੀਆਂ, ਵਿਧਵਾਂ ਅਤੇ ਅਨਾਥਾਂ, ਕੰਗਾਲਾਂ ਅਤੇ ਗੁਲਾਮਾਂ ਦੇ ਲਈ ਮੁਹੱਈਆ ਕਰਦੀ ਸੀ। ਪਰਮੇਸ਼ੁਰ ਨੇ ਆਖਿਆ ਸੀ ਕਿ ਉਹ ਖੁਦ ਅਜਿਹੇ ਨਿਯਮ ਲਾਗੂ ਕਰੇਗਾ ਜਿਨ੍ਹਾਂ ਨੇ ਮੰਦਭਾਗਿਆਂ ਦੀ ਰੱਖਿਆ ਕੀਤੀ (ਕੂਚ 22:21-24)।

*ਇਹ ਨਿਰਪੱਖਤਾ ਦੀ ਮੰਗ ਕਰਦੀ ਸੀ।* ਸ਼ਰਾ ਨੇ ਆਗਿਆ ਦਿੱਤੀ ਕਿ ਸਜ਼ਾ ਅਪਰਾਧ ("ਅੱਖ ਦੇ ਵੱਟੇ ਅੱਖ"; ਕੂਚ 21:24) ਦੇ ਲਈ ਬਿਲਕੁਲ ਉਚਿਤ ਸੀ। ਉਹ ਜਿਸ ਨੇ ਬੇਰਹਿਮੀ ਨਾਲ ਕਿਸੇ ਦੀ ਜਾਨ ਲਈ ਹੈ ਖੁਦ ਦੀ ਉਚਿਤ ਅਧਿਕਾਰੀਆਂ ਦੁਆਰਾ ਮਾਰ ਦਿੱਤਾ ਜਾਵੇਗਾ। ਹੋਰ ਮਾਮਲਿਆਂ ਵਿਚ, ਹਰੇਕ ਨਤੀਜਾ ਸਹੀ ਅਤੇ ਨਿਰਪੱਖ ਹੋਣਾ ਚਾਹੀਦਾ ਸੀ। ਸ਼ਰਾ ਹਰੇਕ ਤੇ ਬਰਾਬਰ ਦੀ

ਲਾਗੂ ਹੁੰਦੀ ਸੀ। ਪ੍ਰਾਚੀਨ ਮਸੋਪੋਤਾਮੀਆ ਦੀਆਂ ਹੋਰ ਨਿਯਮਾਵਲੀਆਂ ਬਿਧੀਆਂ ਅਤੇ ਉਨ੍ਹਾਂ ਦੀਆਂ ਸਜ਼ਾਵਾਂ ਨੂੰ ਸੁਣਾਉਣ ਵਿਚ ਲੋਕਾਂ ਦੀਆਂ ਸ਼੍ਰੇਣੀਆਂ ਵਿਚਕਾਰ ਵੱਖਰੀਆਂ ਸਨ, ਪਰ ਮੂਸਾ ਦੀ ਸ਼ਰਾ ਨਹੀਂ। ਸਾਰੇ ਇਸਰਾਏਲੀ ਲੋਕ - ਛੋਟੇ ਤੋਂ ਲੈ ਕੇ ਵੱਡੇ ਤੀਕ - ਇਸ ਦੇ ਪ੍ਰਬੰਧਾਂ ਦੇ ਅਧੀਨ ਸਨ।

*ਸਿੱਟਾ।* ਸ਼ਰਾ ਚੰਗੀ ਅਤੇ ਜਥਾਰਥ ਸੀ (ਰੋਮੀਆਂ 7:12); ਪਰ, ਇਹ ਪਾਪਾਂ ਨੂੰ ਦੂਰ ਕਰਨ ਦੇ ਲਈ ਨਹੀਂ ਸੀ ਬਣਾਈ ਗਈ (ਇਬਰਾਨੀਆਂ 8:7; 10:4)। ਇਸ ਦੀਆਂ ਪਵਿੱਤਰ ਮੰਗਾਂ ਦੇ ਦੁਆਰਾ, ਇਹ ਲੋਕਾਂ ਦੇ ਪਾਪੀ ਹੋਣ ਦਾ ਐਲਾਨ ਕਰਦੀ ਸੀ ਪਰ ਅਜਿਹਾ ਕੋਈ ਬਲੀਦਾਨ ਨਹੀਂ ਸੀ ਦਿੰਦੀ ਜੋ ਉਨ੍ਹਾਂ ਨੂੰ ਪਾਪ ਤੋਂ ਬਚਾਉਣ ਦੇ ਲਈ ਕਾਫੀ ਹੋਵੇ। ਸ਼ਰਾ ਸਲੀਬ ਦੀ ਉਡੀਕ ਕਰਦੀ ਸੀ।

---

ਟਿੱਪਣੀਆਂ

[1]ਹਵਾਲੇ ਜਿਨ੍ਹਾਂ ਦਾ ਉਲੇਖ ਕੀਤਾ ਗਿਆ ਹੈ ਉਦਾਹਰਣ ਹਨ ਅਤੇ ਉਨ੍ਹਾਂ ਦਾ ਉਦੇਸ਼ ਉਨ੍ਹਾਂ ਸਭ ਗੱਲਾਂ ਨੂੰ ਦਰਸਾਉਣਾ ਨਹੀਂ ਹੈ ਜੋ ਪੰਚਗ੍ਰੰਥ ਕਿਸੇ ਵਿਸ਼ੇ ਤੇ ਸਿੱਖਿਆ ਦਿੰਦਾ ਹੈ। [2]ਗੋਰਡਨ ਡੀ. ਫੀ ਅਤੇ ਡੱਗਲਸ ਸਟੂਅਰਟ, *ਹਾਉ ਟੂ ਰੀਡ ਦ ਬਾਈਬਲ ਫਾਰ ਔੱਲ ਇਟਸ ਵਰਥ*, ਤੀਜਾ ਸੋਧ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2003), 164. [3]ਉਸੇ ਸਥਾਨ ਤੇ, 172. [4]ਵਿਅਕਤੀਆਂ ਨੂੰ ਉਨ੍ਹਾਂ ਦੇ ਆਪਣੇ ਪਾਪਾਂ ਦੇ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ (ਵੇਖੋ ਬਿਵਸਥਾ ਸਾਰ 24:16; ਯਿਰਮਿਯਾਹ 31:29, 30; ਹਿਜ਼ਕੀਏਲ 18:20)। [5]ਇਹ ਹੈਰਾਨੀ ਦੀ ਗੱਲ ਹੋਵੇਗੀ ਜੇਕਰ ਇਸਰਾਏਲ ਦੇ ਲੋਕਾਂ ਨੂੰ ਮੌਤ ਦੇ ਬਾਅਦ ਜੀਵਨ ਵਿਚ ਕੋਈ ਵਿਸ਼ਵਾਸ ਨਹੀਂ ਸੀ, ਕਿਉਂਕਿ ਹੋਰ ਲੋਕ ਜੋ ਉਨ੍ਹਾਂ ਦੇ ਆਲੇ-ਦੁਆਲੇ ਰਹਿੰਦੇ ਸਨ ਉਨ੍ਹਾਂ ਨੂੰ - ਖਾਸਕਰ ਮਿਸਰੀ ਲੋਕਾਂ ਨੂੰ - ਵਿਸ਼ਵਾਸ ਸੀ। ਮੌਤ ਤੋਂ ਬਾਅਦ ਜੀਵਨ ਵਿਚ ਗਿਆਨ ਅਤੇ ਵਿਸ਼ਵਾਸ ਦਾ ਸਬੂਤ ਪੁਰਾਣੇ ਨੇਮ ਵਿਚ ਕੁਝ ਥਾਵਾਂ ਤੇ ਮਿਲਦਾ ਹੈ (ਵੇਖੋ 1 ਸਮੂਏਲ 28:3–19; 2 ਸਮੂਏਲ 12:20–23; ਅੱਯੂਬ 19:25, 26; ਯਸਾਯਾਹ 26:19; ਦਾਨੀਏਲ 12:2)। ਇਹ ਤੱਥ ਕਿ ਯਿਸੂ ਦੇ ਸਮੇਂ ਵਿਚ ਬਹੁਤ ਸਾਰੇ ਯਹੂਦੀ ਲੋਕਾਂ ਨੇ ਜੀ ਉੱਠਣ ਵਿਚ ਵਿਸ਼ਵਾਸ ਕੀਤਾ ਸੀ ਇਹ ਸਬੂਤ ਦਿੰਦਾ ਹੈ ਕਿ ਘੱਟੋ-ਘੱਟ ਪੁਰਾਣੇ ਨੇਮ ਨੇ ਉਸ ਵਿਚਾਰ ਵੱਲ ਇਸ਼ਾਰਾ ਕੀਤਾ ਸੀ।

# ਅਧਿਐਨ 5

# ਸਬਤ

### ਸਬਤ ਸ਼ਬਦ ਦਾ ਅਰਥ

ਪੰਜਾਬੀ ਬਾਈਬਲ ਵਿਚ ਜਿਸ ਇਬਰਾਨੀ ਸ਼ਬਦ ਤੋਂ “ਸਬਤ” ਸ਼ਬਦ ਦਾ ਲਿੱਪੀਆਂਤਰਣ ਕੀਤਾ ਗਿਆ ਹੈ ਉਹ ਹੈ שַׁבָּת *(ਸ਼ਬਥ)*, ਜਿਸ ਦਾ ਅਰਥ ਹੈ “ਵਿਰਾਮ।”[1] ਨੇੜਿਓਂ ਸੰਬੰਧਤ ਕਿਰਿਆ ਦੀ ਪਰਿਭਾਸ਼ਾ ਦਿੱਤੀ ਗਈ ਹੈ ਜਿਸ ਦਾ ਅਰਥ ਹੈ “ਮਿਹਨਤ ਮਜ਼ਦੂਰੀ ਤੋਂ ਅਰਾਮ ਕਰਨਾ, ਸਬਤ ਨੂੰ ਮੰਨਣਾ।”[2] ਇਕ ਸ੍ਰੋਤ ਇਸ ਕਿਰਿਆ ਦਾ ਇਸ ਤਰ੍ਹਾਂ ਪਰਿਭਾਸ਼ਾ ਦਿੰਦਾ ਹੈ ਜਿਸ ਦਾ ਅਰਥ ਹੁੰਦਾ ਹੈ “ਵਿਸ਼ਰਾਮ ਕਰਨਾ ... (ਮਿਹਤਨ ਕਰਨ) ਤੋਂ ਹਟਣਾ, ਰੁਕਣਾ, ਛੁੱਟੀ ਕਰ ਜਾਣਾ” ਅਤੇ ਨਾਂਵ ਦਾ ਅਰਥ ਹੈ “ਵਕਫ਼ਾ, ਸਬਤ, ਅਰਾਮ ਦਾ ਦਿਨ, ਪਵਿੱਤਰ ਸਤਵਾਂ ਦਿਨ।”[3]

### ਪੁਰਾਣੀ ਸ਼ਰਾ ਅਧੀਨ ਸਬਤ ਨੂੰ ਮੰਨਣ ਦੇ ਕਾਰਣ

“ਤੂੰ ਸਬਤ ਦੇ ਦਿਨ ਨੂੰ ਪਵਿੱਤ੍ਰ ਜਾਣ ਕੇ ਚੇਤੇ ਰੱਖ” ਦਸ ਹੁਕਮਾਂ ਵਿੱਚੋਂ ਇਕ ਹੁਕਮ ਹੈ (ਕੂਚ 20:8; ਵੇਖੋ ਬਿਵਸਥਾ ਸਾਰ 5:12)। ਇਸ ਨੂੰ ਮੰਨਣ ਦੇ ਲਈ ਚਾਰ ਕਾਰਣ ਦਿੱਤੇ ਗਏ ਹਨ:

(1) *ਰਚਨਾ।* ਕੂਚ 20:8-11 ਵਿਚ, ਇਸਰਾਏਲੀਆਂ ਨੂੰ ਸਬਤ ਦੇ ਦਿਨ ਨੂੰ ਵਿਸਰਾਮ ਦੇ ਦਿਨ ਵਜੋਂ ਮੰਨਣ ਦੇ ਲਈ ਆਖਿਆ ਗਿਆ ਸੀ ਕਿਉਂਕਿ ਛੇ ਦਿਨ ਪਰਮੇਸ਼ੁਰ ਨੇ ਸੰਸਾਰ ਨੂੰ ਬਣਾਉਣ ਤੋਂ ਬਾਅਦ, ਉਸ ਨੇ ਸਤਵੇਂ ਦਿਨ ਵਿਸਰਾਮ ਕੀਤਾ ਸੀ (ਵੇਖੋ 31:17)। ਜਿਵੇਂ ਪਰਮੇਸ਼ੁਰ ਨੇ ਛੇ ਦਿਨ ਕੰਮ ਕਰਨ ਤੋਂ ਬਾਅਦ ਅਰਾਮ ਕੀਤਾ ਸੀ, ਉਸੇ ਤਰ੍ਹਾਂ ਇਸਰਾਏਲੀਆਂ ਨੇ ਹਫ਼ਤੇ ਵਿਚ ਛੇ ਦਿਨ ਕੰਮ ਕਰਨ ਤੋਂ ਬਾਅਦ ਅਰਾਮ ਕਰਨਾ ਸੀ

(2) *ਨੇਮ।* ਕੂਚ 31:12 ਵਿਚ, ਲੋਕਾਂ ਨੂੰ ਸਬਤ ਨੂੰ ਮੰਨਣ ਦਾ ਹੁਕਮ ਦਿੱਤਾ ਗਿਆ ਸੀ ਕਿਉਂਕਿ ਇਹ ਪਰਮੇਸ਼ੁਰ ਅਤੇ ਇਸਰਾਏਲੀਆਂ ਵਿਚਕਾਰ ਨੇਮ ਦਾ ਇਕ ਨਿਸ਼ਾਨ ਸੀ - ਸੱਚਮੁੱਚ, ਇਹ ਦਿਨ “ਉਨ੍ਹਾਂ ਦੀਆਂ ਪੀੜ੍ਹੀਆਂ ਤੀਕ ਇਕ ਸਦੀਵੀ ਨੇਮ ਦੇ ਤੌਰ ਤੇ” ਮਨਾਇਆ ਜਾਣਾ ਸੀ ਅਤੇ ਇਹ ਦਿਨ “[ਪਰਮੇਸ਼ੁਰ] ਵਿੱਚ ਅਤੇ ਇਸਰਾਏਲੀਆਂ ਵਿੱਚ ਸਦਾ ਲਈ ਇੱਕ ਨਿਸ਼ਾਨ” ਦੇ ਰੂਪ ਵਿਚ ਮੰਨਿਆ ਜਾਣਾ ਸੀ (31:16, 17)।[4] ਦਰਅਸਲ, ਸਬਤ ਦਾ ਦਿਨ, ਨੇਮ ਦੇ ਇਕ ਨਿਸ਼ਾਨ ਦੇ ਰੂਪ ਵਿਚ ਕੰਮ ਕਰਦਾ ਸੀ: ਇਸ ਦੀ ਮਨੌਤ ਨੇ ਪੂਰੇ ਇਸਰਾਏਲ ਦੇ ਇਤਹਾਸ ਵਿਚ ਇਸਰਾਏਲੀਆਂ ਅਰਥਾਤ ਪਰਮੇਸ਼ੁਰ ਦੀ ਪਰਜਾ ਨੂੰ ਹੋਰ ਸਾਰੀਆਂ ਕੌਮਾਂ ਤੋਂ ਅਲੱਗ ਕੀਤਾ ਸੀ।

(3) *ਵਿਚਾਰ।* ਬਿਵਸਥਾ ਸਾਰ 5:15 ਵਿਚ, ਮੂਸਾ ਨੇ ਇਸਰਾਏਲੀਆਂ ਨੂੰ ਸਬਤ ਨੂੰ ਮੰਨਣ ਦੇ ਲਈ ਇਕ ਕਾਰਣ ਦੇ ਰੂਪ ਵਿਚ ਉਸ ਤੇ ਵਿਚਾਰ ਕਰਨ ਦੀ ਬੇਨਤੀ ਕੀਤੀ ਸੀ ਜੋ ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਕੀਤਾ ਸੀ: “ਯਾਦ ਰੱਖ ਕਿ ਤੂੰ ਮਿਸਰ ਦੇਸ ਵਿੱਚ ਗੁਲਾਮ ਸੈਂ ਅਤੇ ਯਹੋਵਾਹ ਤੇਰੇ ਪਰਮੇਸ਼ੁਰ ਨੇ ਬਲਵੰਤ ਹੱਥ ਨਾਲ ਅਤੇ ਬਾਂਹ ਲੰਮੀ ਕਰ ਕੇ ਤੈਨੂੰ ਕੱਢ ਲਿਆ। ਏਸ ਲਈ ਯਹੋਵਾਹ ਤੇਰਾ ਪਰਮੇਸ਼ੁਰ ਤੈਨੂੰ ਸਬਤ ਦੇ ਮੰਨਣ ਦਾ ਹੁਕਮ ਦਿੰਦਾ ਹੈ।” ਇਸ ਦਾ ਮਤਲਬ ਇਹ ਵਿਚਾਰ ਹੈ ਕਿ ਇਸ ਹੁਕਮ ਦਾ ਪਾਲਣ ਕਰਨ ਦਾ ਇਕ ਕਾਰਣ ਮਿਸਰ ਦੀ ਗੁਲਾਮੀ ਵਿੱਚੋਂ ਕੌਮ ਦੇ ਪਰਮੇਸ਼ੁਰ ਦੇ ਕਿਰਪਾਲੂ ਛੁਟਕਾਰੇ ਦੇ ਲਈ ਇਸਰਾਏਲੀਆਂ ਦਾ ਧੰਨਵਾਦ ਸੀ।

(4) *ਤਰਸ।* ਬਿਵਸਥਾ ਸਾਰ ਵਿਚ ਇਹ ਹਵਾਲਾ ਸਬਤ ਨੂੰ ਮੰਨਣ ਦੇ ਲਈ ਇਕ ਮਾਨਵਤਾਵਾਦੀ ਕਾਰਣ ਦਾ ਵੀ ਸੁਝਾਅ ਦਿੰਦਾ ਹੈ। ਇਸਰਾਏਲੀਆਂ ਨੇ ਨਾ ਸਿਰਫ ਸਬਤ ਨੂੰ ਮੰਨਣਾ ਸੀ, ਉਨ੍ਹਾਂ ਨੇ ਇਹ ਵੀ ਵੇਖਣਾ ਸੀ ਕਿ ਉਨ੍ਹਾਂ ਦੇ ਲੋਕ ਅਤੇ ਜਾਨਵਰ ਵੀ ਇਸ ਨੂੰ ਮੰਨਣ ਤਾਂ ਕਿ ਉਹ ਜਿਹੜੇ ਘਰਾਣੇ ਦੀ ਸੇਵਾ ਟਹਿਲ ਕਰਦੇ ਸਨ ਉਹ ਵੀ ਵਿਸਰਾਮ ਦੇ ਦਿਨ ਦਾ ਅਨੰਦ ਮਾਣ ਸਕਦੇ:

> "ਤੂੰ ਉਸ [ਸਬਤ] ਵਿੱਚ ਕੋਈ ਕੰਮ ਧੰਦਾ ਨਾ ਕਰ, ਨਾ ਤੂੰ, ਨਾ ਤੇਰਾ ਪੁੱਤ੍ਰ, ਨਾ ਤੇਰੀ ਧੀ, ਨਾ ਤੇਰਾ ਗੋੱਲਾ, ਨਾ ਤੇਰੀ ਗੋੱਲੀ, ਨਾ ਤੇਰਾ ਬਲਦ, ਨਾ ਤੇਰਾ ਗਧਾ, ਨਾ ਤੇਰਾ ਕੋਈ ਡੰਗਰ, ਨਾ ਤੇਰਾ ਪਰਦੇਸੀ ਜਿਹੜਾ ਤੇਰੇ ਫਾਟਕਾਂ ਦੇ ਅੰਦਰ ਹੈ *ਤਾਂ ਜੋ ਤੇਰਾ ਗੋੱਲਾ ਅਤੇ ਤੇਰੀ ਗੋੱਲੀ ਤੇਰੇ ਵਾਂਙੁ ਅਰਾਮ ਕਰਨ*" (ਬਿਵਸਥਾ ਸਾਰ 5:14; ਜ਼ੋਰ ਦਿੱਤਾ ਗਿਆ ਹੈ)।

## ਪੁਰਾਣੇ ਨੇਮ ਵਿਚ ਸਬਤ ਦੀ ਮਹੱਤਤਾ

ਪੁਰਾਣੇ ਨੇਮ ਵਿਚ ਸਬਤ ਦੀ ਮਹੱਤਤਾ ਉਨ੍ਹਾਂ ਸੰਦਰਭਾਂ ਤੋਂ ਸਪੱਸ਼ਟ ਹੈ ਜਿਨ੍ਹਾਂ ਵਿਚ ਇਹ ਸ਼ਬਦ ਵਰਤਿਆ ਗਿਆ ਅਤੇ ਜਿਨ੍ਹਾਂ ਵਿਚ ਇਹ ਵਿਚਾਰ ਮਿਲਦਾ ਹੈ।

ਸਬਤ ਨੂੰ ਮੰਨਣ ਦਾ ਪਹਿਲਾ ਜ਼ਿਕਰ ਕੂਚ 16:4, 5, 22-30 ਵਿਚ ਮਿਲਦਾ ਹੈ, ਜਿੱਥੇ ਇਸਰਾਏਲੀਆਂ ਨੂੰ ਸਬਤ ਦੇ ਦਿਨ ਮੰਨ ਇਕੱਠਾ ਨਾ ਕਰਨ ਦੀ ਹਦਾਇਤ ਦਿੱਤੀ ਗਈ ਸੀ। ਉਤਪਤ 2:1-3 ਆਖਦੀਆਂ ਹਨ ਕਿ "ਪਰਮੇਸ਼ੁਰ ਨੇ ਸੱਤਵੇਂ ਦਿਨ ਨੂੰ ਅਸੀਸ ਦਿੱਤੀ ਅਤੇ ਉਹ ਨੂੰ ਪਵਿੱਤ੍ਰ ਠਹਿਰਾਇਆ," ਪਰ ਇਹ ਨਹੀਂ ਦੱਸਦਾ ਕਿ ਸਬਤ ਨੂੰ ਮੰਨਣਾ ਉਸ ਸਮੇਂ ਸ਼ੁਰੂ ਕੀਤਾ ਗਿਆ ਸੀ। ਸਬਤ ਦਾ ਜ਼ਿਕਰ ਸ਼ਾਇਦ ਪੂਰਵਭਾਸੀ ਹੈ - ਉਸ ਚੀਜ਼ ਦਾ ਪਹਿਲਾਂ ਤੋਂ ਹਵਾਲਾ ਦੇ ਰਿਹਾ ਹੈ ਜੋ ਬਾਅਦ ਵਿਚ ਹੋਵੇਗੀ।[5] ਕਿਹਾ ਜਾਂਦਾ ਹੈ ਕਿ ਅਬਰਾਹਾਮ ਨੇ ਪਰਮੇਸ਼ੁਰ ਦੇ ਹੁਕਮਾਂ ਦਾ ਪਾਲਣ ਕੀਤਾ ਸੀ (ਉਤਪਤ 26:5), ਪਰ ਲਿਖਤ ਵਿਚ ਜਾਂ ਹੋਰ ਕਿਤੇ ਵੀ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਉਨ੍ਹਾਂ ਹੁਕਮਾਂ ਵਿਚ ਸਬਤ ਵੀ ਸ਼ਾਮਲ ਸੀ।

ਹੁਕਮ ਦੀ ਮਹੱਤਤਾ ਤੇ ਇਸ ਤੱਥ ਦੁਆਰਾ ਜ਼ੋਰ ਦਿੱਤਾ ਗਿਆ ਹੈ ਕਿ ਇਹ ਕੂਚ ਦੀ ਪੁਸਤਕ ਵਿਚ ਛੇ ਵਾਰ ਦੁਹਰਾਇਆ ਗਿਆ ਹੈ: ਮੰਨ ਇਕੱਠਾ ਕਰਨ ਦੇ ਲਈ ਦਿੱਤੀਆਂ ਗਈਆਂ ਹਦਾਇਤਾਂ ਦੇ ਸੰਬੰਧ ਵਿਚ (16:4, 5, 22-30); ਦਸ ਹੁਕਮਾਂ ਵਿੱਚੋਂ ਚੌਥੇ ਹੁਕਮ ਦੇ ਰੂਪ ਵਿਚ (20:8-11); ਨੇਮ ਦੀ ਪੋਥੀ ਵਿਚ (23:12) ਅਤੇ ਡੇਹਰੇ ਦੇ ਵਿਰਤਾਂਤ ਵਿਚ (31:12–17; 34:21; 35:1–3)। ਇਹ ਲੇਵੀਆਂ 23:3 ਅਤੇ ਬਿਵਸਥਾ ਸਾਰ 5:12-15 ਵਿਚ ਪੰਚਗ੍ਰੰਥ ਵਿਚ ਹੋਰ ਕਿਤੇ ਵੀ ਮਿਲਦਾ ਹੈ। ਦਰਅਸਲ, ਇਹ ਇੰਨਾ ਮਹੱਤਵਪੂਰਣ ਸੀ ਕਿ ਸਬਤ ਨੂੰ ਤੋੜਨ ਦਾ ਪਾਪ ਮੌਤ ਦੀ ਸਜ਼ਾਯੋਗ ਸੀ (31:15; 35:2; ਗਿਣਤੀ 15:32-36)।

ਵਿਵਸਥਾ ਦੇਣ ਤੋਂ ਬਾਅਦ, ਪਰਮੇਸ਼ੁਰ ਦੇ ਨਬੀ ਅਤੇ ਇਸਰਾਏਲ ਦੇ ਧਰਮੀ ਆਗੂ ਸਬਤ ਨੂੰ ਮੰਨਣ ਦੀ ਮੰਗ ਦੀ ਮਹੱਤਤਾ ਤੇ ਲਗਾਤਾਰ ਜ਼ੋਰ ਦਿੰਦੇ ਰਹੇ। ਅੱਠਵੀਂ ਸਦੀ ਈਸਾ ਪੂਰਵ ਵਿਚ, ਯਸਾਯਾਹ ਨੇ ਆਖਿਆ ਸੀ ਕਿ ਉਹ ਮਨੁੱਖ ਜਿਹੜਾ ਸਬਤ ਨੂੰ ਮੰਨਦਾ ਹੈ ਖੁਸ਼ ਹੈ (ਯਸਾਯਾਹ 56:2) ਅਤੇ ਇਹੋ ਜਿਹੇ ਲੋਕ ਬਰਕਤ ਪਾਉਣਗੇ (ਯਸਾਯਾਹ 58:13, 14)। ਸੱਤਵੀਂ ਜਾਂ ਛੇਵੀਂ ਸਦੀ ਈਸਾ ਪੂਰਵ ਵਿਚ, ਯਿਰਮਿਯਾਹ ਨੇ ਲੋਕਾਂ ਨੂੰ ਸਬਤ ਦੇ ਦਿਨ ਨੂੰ ਮੰਨਣ ਦਾ ਹੁਕਮ ਦਿੱਤਾ ਸੀ, ਬਰਕਤਾਂ ਦਾ ਵਾਅਦਾ ਕਰਦੇ ਹੋਏ ਜੇਕਰ ਉਹ ਸਬਤ ਨੂੰ ਮੰਨਣਗੇ ਅਤੇ ਵਿਨਾਸ਼ ਦੀ ਧਮਕੀ ਦਿੰਦੇ ਹੋਏ ਜੇਕਰ ਉਹ ਇਸ ਨੂੰ ਮੰਨਣ ਵਿਚ ਅਸਫ਼ਲ ਹੁੰਦੇ ਹਨ (ਯਿਰਮਿਯਾਹ 17:18-27)। ਛੇਵੀਂ ਸਦੀ ਈਸਾ ਪੂਰਵ ਵਿਚ, ਹਿਜ਼ਕੀਏਲ ਨੇ ਲੋਕਾਂ ਦੀ ਉਨ੍ਹਾਂ ਦੇ ਪੂਰੇ ਇਤਹਾਸ ਵਿਚ ਸਬਤ ਨੂੰ ਪਲੀਤ ਕਰਨ ਦੇ ਲਈ ਬਾਰ-ਬਾਰ ਨਿੰਦਾ ਕੀਤੀ ਸੀ (ਹਿਜ਼ਕੀਏਲ 20)। ਇਸ ਤੋਂ ਇਲਾਵਾ, ਉਸ

ਨੇ ਉਨ੍ਹਾਂ ਦੇ ਆਉਣ ਵਾਲੇ ਨਾਸ ਤੇ ਦੋਸ਼ ਲਗਾਇਆ ਸੀ, ਇਸ ਤੱਥ ਤੇ ਕਿ ਉਨ੍ਹਾਂ ਨੇ ਸਬਤ ਨੂੰ ਪਲੀਤ ਕੀਤਾ ਸੀ (ਹਿਜ਼ਕੀਏਲ 22:8, 15)। ਪੰਜਵੀਂ ਸਦੀ ਈਸਾ ਪੂਰਵ ਵਿਚ, ਨਹਮਯਾਹ ਨੇ ਆਖਿਆ ਸੀ ਕਿ ਪਰਮੇਸ਼ੁਰ ਯਹੂਦੀਆਂ ਉੱਤੇ ਅਤੇ ਯਰੂਸ਼ਲਮ ਉੱਤੇ ਤਬਾਹੀ ਲੈ ਕੇ ਆਇਆ ਸੀ ਕਿਉਂਕਿ ਇਸਰਾਏਲੀਆਂ ਦੇ ਪਿਉ-ਦਾਦਿਆਂ ਨੇ ਸਬਤ ਨੂੰ ਪਲੀਤ ਕੀਤਾ ਸੀ (ਨਹਮਯਾਹ 13:17, 18)। ਇਸ ਤੋਂ ਇਲਾਵਾ, ਉਸ ਦੇ ਸੁਧਾਰਾਂ ਵਿੱਚੋਂ ਇਕ ਸੁਧਾਰ ਦੇ ਰੂਪ ਵਿਚ, ਨਹਮਯਾਹ ਨੇ ਸਬਤ ਦੀਆਂ ਬਿਧੀਆਂ ਨੂੰ ਲਾਗੂ ਕਰਨ ਦੀ ਮੰਗ ਕੀਤੀ ਸੀ (ਨਹਮਯਾਹ 13:15-22)।

## ਸਬਤ ਕਿਵੇਂ ਮਨਾਇਆ ਜਾਂਦਾ ਸੀ

ਸਬਤ ਦਾ ਦਿਨ ਜੋ ਇਸਰਾਏਲੀਆਂ ਦੁਆਰਾ ਮਨਾਇਆ ਜਾਂਦਾ ਸੀ ਹਫ਼ਤੇ ਦਾ ਸਤਵਾਂ ਦਿਨ ਸੀ (ਉਤਪਤ 2:1-3)। ਸ਼ੁਰੂ-ਸ਼ੁਰੂ ਵਿਚ ਇਹ ਬੰਦਗੀ[6] ਦੇ ਦਿਨ ਦੇ ਰੂਪ ਵਿਚ ਨਹੀਂ ਪਰ ਵਿਸਰਾਮ ਦੇ ਦਿਨ ਦੇ ਰੂਪ ਵਿਚ ਮਨਾਇਆ ਜਾਂਦਾ ਸੀ;[7] ਕੂਚ 16:30 ਆਖਦੀ ਹੈ, "ਸੋ ਪਰਜਾ ਨੇ ਸੱਤਵੇਂ ਦਿਨ ਵਿਸਰਾਮ ਕੀਤਾ।" ਪੰਚਗ੍ਰੰਥ ਵਿਚ ਪਾਈਆਂ ਜਾਣ ਵਾਲੀਆਂ ਸਬਤ ਦੀਆਂ ਬਿਧੀਆਂ ਸੰਬੰਧੀ ਇਕ ਲੇਖਕ ਨੇ ਟਿੱਪਣੀ ਕੀਤੀ ਸੀ: "ਆਮ ਇਸਰਾਏਲੀ ਵਿਅਕਤੀ ਦੇ ਲਈ, ਕਿਸੇ ਵੀ ਧਾਰਮਿਕ ਰਸਮ ਦਾ ਹੁਕਮ ਨਹੀਂ ਸੀ ਦਿੱਤਾ ਗਿਆ। ਅਸਲ ਵਿਚ ਇਹ ਵਿਸਰਾਮ ਦਾ ਦਿਨ ਸੀ। ਸਬਤ ਦੇ ਦਿਨ ਨੂੰ ਮੰਨਣ ਨਾਲ ਜੁੜਿਆ ਹੋਇਆ ਪ੍ਰਮੁੱਖ ਹੁਕਮ ਜਾਂ ਮਨਾਹੀ ਇਹ ਹੈ ਕਿ 'ਤੂੰ ਕੋਈ ਕੰਮ ਨਾ ਕਰ।'"[8]

ਸਬਤ ਦੇ ਦਿਨ ਨਾਲ ਜੁੜੇ ਹੋਏ ਹੁਕਮ ਅਤੇ ਬਾਈਬਲ ਦੇ ਉਦਾਹਰਣ ਉਨ੍ਹਾਂ ਕੰਮਾਂ ਬਾਰੇ ਦੱਸਦੇ ਹਨ ਜਿਨ੍ਹਾਂ ਨੂੰ ਸਬਤ ਦੇ ਦਿਨ ਕਰਨ ਦੀ ਮਨਾਹੀ ਸੀ: ਮੰਨ ਇਕੱਠਾ ਕਰਨਾ (ਕੂਚ 16); ਕੋਈ ਵੀ ਕੰਮ ਧੰਦ ਕਰਨਾ (ਕੂਚ 20:10; 31:15; ਬਿਵਸਥਾ ਸਾਰ 5:14; ਯਿਰਮਿਯਾਹ 17:22, 24); ਵਾਹੁਣਾ ਅਤੇ ਵੱਢਣਾ (ਕੂਚ 34:21); ਆਪਣੇ ਵਾਸ ਵਿਚ ਅੱਗ ਨਾ ਬਾਲਣਾ (ਕੂਚ 35:3); ਲੱਕੜੀਆਂ ਚੁਗਣਾ (ਗਿਣਤੀ 15:32-36); ਭਾਰ ਚੁੱਕਣਾ ਜਾਂ ਯਰੂਸ਼ਲਮ ਦੇ ਫਾਟਕਾਂ ਦੇ ਵਿੱਚ ਕੁਝ ਲੈ ਕੇ ਆਉਣਾ (ਯਿਰਮਿਯਾਹ 17:21-27); "ਅੰਗੂਰਾਂ ਨੂੰ ਚੁਬੱਚਿਆਂ ਵਿੱਚ ਪੀੜਨਾ ... ਭਰੀਆਂ ਨੂੰ ਖੋਤੀਆਂ ਉੱਤੇ ਲੱਦ ਕੇ ਯਰੂਸ਼ਲਮ ਦੇ ਅੰਦਰ ਲਿਆਉਣਾ ... ਖਾਣ ਦੀਆਂ ਚੀਜ਼ਾਂ ਵੇਚਣਾ" ਅਤੇ ਖਾਣ ਦੀਆਂ ਚੀਜ਼ਾਂ ਖਰੀਦਣਾ (ਨਹਮਯਾਹ 13:15-22)। ਯਸਾਯਾਹ ਨੇ ਸਬਤ ਦੇ ਦਿਨ ਦੀਆਂ ਮੰਗਾਂ ਦਾ ਨਿਚੋੜ "ਸਬਤ ਦੇ ਦਿਨ ਨੂੰ ਮਿੱਧਣ" ਅਤੇ "ਯਹੋਵਾਹ ਦੇ ਪਵਿੱਤਰ ਦਿਨ ਵਿਚ ਤੁਹਾਡੇ ਆਪਣੇ ਹਿੱਤਾਂ ਦਾ ਪਿੱਛਾ ਕਰਨ" ਦੀ ਤੁਲਨਾ ਨਾਲ ਕਰਕੇ ਕੱਢਿਆ ਹੈ (ਯਸਾਯਾਹ 58:13; NRSV)। ਸਬਤ, ਕਿਉਂਕਿ ਇਹ ਪਰਮੇਸ਼ੁਰ ਨੂੰ ਸਮਰਪਿਤ ਸੀ, ਉਸੇ ਤਰ੍ਹਾਂ ਬਿਤਾਇਆ ਜਾਣਾ ਸੀ ਜਿਵੇਂ ਪਰਮੇਸ਼ੁਰ ਨੇ ਹਿਦਾਇਤ ਦਿੱਤੀ ਸੀ ਨਾ ਕਿ ਵਿਅਕਤੀ ਦੇ "ਆਪਣੇ ਹਿੱਤਾਂ" ਦੇ ਅਨੁਸਾਰ।

ਸਬਤ ਨਾ ਸਿਰਫ ਇਸਰਾਏਲੀਆਂ ਦੇ ਲਈ ਪਰ ਉਨ੍ਹਾਂ ਦੇ ਟੱਬਰਾਂ ਵਿਚ ਹਰੇਕ ਵਿਅਕਤੀ ਅਤੇ ਡੰਗਰਾਂ ਦੇ ਲਈ ਵਿਸਰਾਮ ਦਾ ਦਿਨ ਸੀ। ਹੁਕਮ ਕਹਿੰਦਾ ਸੀ ਕਿ ਇਸਰਾਏਲੀਆਂ ਨੇ "ਕੋਈ ਕੰਮ ਧੰਦਾ" ਨਹੀਂ ਸੀ ਕਰਨਾ, ਪਰ ਇਹ ਅੱਗੇ ਇਹ ਵੀ ਕਹਿੰਦਾ ਸੀ ਕਿ "ਨਾ ਤੂੰ ਨਾ ਤੇਰਾ ਪੁੱਤ੍ਰ ਨਾ ਤੇਰੀ ਧੀ ਨਾ ਤੇਰਾ ਗੋੱਲਾ ਨਾ ਤੇਰੀ ਗੋੱਲੀ ਨਾ ਤੇਰਾ ਡੰਗਰ ਅਤੇ ਨਾ ਤੇਰਾ ਪਰਦੇਸੀ ਜਿਹੜਾ ਤੇਰੇ ਫਾਟਕਾਂ ਦੇ ਅੰਦਰ ਹੈ" (20:10)। ਕੂਚ 23:12 ਦੱਸਦੀ ਹੈ ਕਿ ਸੱਤਵੇਂ ਦਿਨ ਇਸਰਾਏਲੀਆਂ ਨੇ "ਵਿਸਰਾਮ ਕਰਨਾ ਸੀ ਤਾਂ ਜੋ ਤੇਰਾ ਬਲਦ ਅਤੇ ਤੇਰਾ ਖੋਤਾ ਸਸਤਾਉਣ" ਅਤੇ "ਤੇਰੀ ਗੋੱਲੀ ਦਾ ਪੁੱਤ੍ਰ ਅਤੇ ਪਰਦੇਸੀ ਟਹਿਕ ਜਾਣ" (ਵੇਖੋ ਬਿਵਸਥਾ ਸਾਰ 5:14)।

ਤੱਥ ਇਹ ਹੈ ਕਿ ਸਬਤ ਦਾ ਦਿਨ ਵਿਸਰਾਮ ਦਾ ਦਿਨ ਸੀ ਦਾ ਅਰਥ ਇਹ ਸੀ ਕਿ ਇਹ ਸਹਿਣ ਕਰਨ ਵਾਲਾ ਨਹੀਂ ਬਲਕਿ ਅਨੰਦ ਮਨਾਉਣ ਦਾ ਦਿਨ ਸੀ, ਬੋਝ ਵਾਲਾ ਨਹੀਂ ਪਰ ਤਰੋਤਾਜ਼ਾ ਹੋਣ ਵਾਲਾ ਦਿਨ ਸੀ (ਬਿਵਸਥਾ ਸਾਰ 5:14)। ਯਸਾਯਾਹ ਨੇ ਆਖਿਆ ਕਿ ਯਹੂਦਾਹ

ਨੂੰ "ਸਬਤ ਨੂੰ ਖੁਸ਼ੀ ਅਤੇ ਯਹੋਵਾਹ ਦਾ ਪਵਿੱਤ੍ਰ ਦਿਨ ਆਦਰਯੋਗ" ਆਖਣਾ ਚਾਹੀਦਾ ਹੈ (ਯਸਾਯਾਹ 58:13; NRSV)। ਇਸ ਲਈ, ਹੋਸ਼ੇਆ ਨੇ ਉੱਤਰੀ ਰਾਜ ਦੇ ਨਾਸ ਦੇ ਸੰਬੰਧ ਵਿਚ ਲਿਖਿਆ, "ਮੈਂ ਉਹ ਦੀ ਸਾਰੀ ਖੁਸ਼ੀ ਮੁਕਾ ਦਿਆਂਗਾ, ਉਹ ਦੇ ਪਰਬ, ਉਹ ਦੀਆਂ ਅਮੱਸਿਆਂ, ਉਹ ਦੇ ਸਬਤ ਅਤੇ ਉਹ ਦੇ ਸਭ ਮਿਥੇ ਹੋਏ ਪਰਬ" (ਹੋਸ਼ੇਆ 2:11) - ਉਹ ਸਭ ਜਿਨ੍ਹਾਂ ਨੂੰ ਸਪੱਸ਼ਟ ਰੂਪ ਵਿਚ ਅਨੰਦਪੂਰਣ ਮੌਕੇ ਸਮਝਿਆ ਜਾਂਦਾ ਸੀ। ਉਸੇ ਤਰ੍ਹਾਂ, ਜਦੋਂ ਯਰੂਸ਼ਲਮ ਦਾ ਨਾਸ ਹੋਇਆ, ਤੱਥ ਇਹ ਹੈ ਕਿ ਯਹੂਦੀ ਲੋਕ ਅੱਗੇ ਤੋਂ ਉਨ੍ਹਾਂ ਦੇ ਪਰਬਾਂ ਜਾਂ ਸਬਤ ਨੂੰ ਨਹੀਂ ਮਨਾ ਸਕੇ ਉਸ ਨੂੰ ਇਕ ਤ੍ਰਾਸਦੀ ਸਮਝਿਆ ਗਿਆ ਸੀ (ਵਿਰਲਾਪ 2:6)।

ਨਬੀਆਂ ਨੇ ਇਹ ਵੀ ਦੱਸਿਆ ਸੀ ਕਿ ਸਬਤ ਨੂੰ ਮੰਨਣਾ (ਜਾਂ ਸ਼ਰਾ ਦੀ ਕੋਈ ਵੀ ਰਸਮੀ ਮੰਗਾਂ ਨੂੰ ਮੰਨਣਾ[9]) ਕਾਨੂੰਨੀ ਤੌਰ ਤੇ - ਸਹੀ ਰਵੱਈਏ ਤੋਂ ਬਿਨਾਂ ਅਤੇ ਪਰਮੇਸ਼ੁਰ ਦੇ ਲਈ ਜੀਵਨ ਜੀਉਣ ਤੋਂ ਬਿਨਾਂ - ਪਰਮੇਸ਼ੁਰ ਨੂੰ ਪ੍ਰਸੰਨ ਕਰਨ ਦੇ ਲਈ ਆਪਣੇ ਆਪ ਵਿਚ ਕਾਫੀ ਨਹੀਂ ਸੀ। ਆਮੋਸ ਨੇ ਉਨ੍ਹਾਂ ਲੋਕਾਂ ਦੀ ਗੱਲ ਅਤੇ ਨਿੰਦਾ ਕੀਤੀ ਸੀ ਜਿਹੜੇ ਸਬਤ ਨੂੰ ਖਤਮ ਹੋਣ ਨੂੰ ਵੇਖਣ ਨੂੰ ਤਰਸਦੇ ਸਨ ਤਾਂ ਕਿ ਉਹ ਲੋਕਾਂ ਨੂੰ ਧੋਖਾ ਦੇਣ ਜਾਰੀ ਰੱਖ ਸਕਦੇ (ਆਮੋਸ 8:5)। ਯਸਾਯਾਹ ਨੇ ਉਨ੍ਹਾਂ ਦੀ ਕੜੇ ਸ਼ਬਦਾਂ ਵਿਚ ਨਿੰਦਾ ਕੀਤੀ ਸੀ ਜਿਹੜੇ ਸ਼ਰਾ ਦੀਆਂ ਰਸਮਾਂ ਨੂੰ ਮੰਨਦੇ ਸਨ ਪਰ ਉਨ੍ਹਾਂ ਗੱਲਾਂ ਦੀ (ਜਿਨ੍ਹਾਂ ਨੂੰ ਯਿਸੂ ਅੱਗੇ ਚੱਲ ਕੇ "ਭਾਰੇ ਹੁਕਮ" ਕਹਿੰਦਾ ਹੈ) ਅਣਗਹਿਲੀ ਕਰਦੇ ਸਨ (ਯਸਾਯਾਹ 1:10-17)। ਉਸ ਨੇ ਆਖਿਆ ਕਿ ਯਹੋਵਾਹ ਨੇ ਕਿਹਾ ਸੀ ਕਿ ਹੋਰਨਾਂ ਗੱਲਾਂ ਵਿਚ,

> ਜਦ ਤੁਸੀਂ ਮੇਰੇ ਸਾਹਮਣੇ ਹਾਜ਼ਰ ਹੁੰਦੇ ਹੋ, ਤਾਂ ਤੁਹਾਡੀ ਵੱਲੋਂ ਕਿਸੇ ਨੇ ਚਾਹਿਆ ਭਈ ਤੁਸੀਂ ਮੇਰੇ ਵੇਹੜਿਆਂ ਨੂੰ ਮਿੱਧੋ? ਅੱਗੇ ਨੂੰ ਵਿਅਰਥ ਚੜ੍ਹਾਵੇ ਨਾ ਲਿਆਓ, ਧੂਪ, ਉਹ ਮੇਰੇ ਲਈ ਘਿਣਾਉਣੀ ਹੈ, ਅਮੱਸਿਆਂ ਅਤੇ ਸਬਤ, ਸੰਗਤਾਂ ਦਾ ਜੋੜ ਮੇਲਾ ਵੀ - ਮੈਂ ਬਦੀ ਅਤੇ ਧਰਮ ਸਭਾ ਝੱਲ ਨਹੀਂ ਸੱਕਦਾ। ਤੁਹਾਡੀਆਂ ਅਮੱਸਿਆਂ ਅਤੇ ਤੁਹਾਡੇ ਮਿੱਥੇ ਹੋਏ ਪਰਬਾਂ ਤੋਂ ਮੇਰੇ ਜੀ ਨੂੰ ਸੂਗ ਆਉਂਦੀ ਹੈ ... ਜਦ ਤੁਸੀਂ ਆਪਣੇ ਹੱਥ ਅੱਡੋਗੇ ... ਮੈਂ ਨਹੀਂ ਸੁਣਾਂਗਾ, ਤੁਹਾਡੇ ਹੱਥ ਲਹੂ ਨਾਲ ਭਰੇ ਹੋਏ ਹਨ (ਯਸਾਯਾਹ 1:12-15)।

ਸਬਤ ਦੇ ਦਿਨ ਵਿਸਰਾਮ ਕਰਨ ਦੇ ਹੁਕਮ ਨੂੰ ਵਿਸਤਾਰ ਦੇਣ ਦੇ ਲਈ ਇਹ ਮੰਗ ਕੀਤੀ ਗਈ ਸੀ ਕਿ ਇਸਰਾਏਲੀ ਲੋਕ ਜ਼ਮੀਨ ਨੂੰ ਸੱਤਵੇਂ ਸਾਲ, ਸਬਤ ਜਾਂ ਸਬਤ ਦੇ ਸਾਲ ਵਿਸਰਾਮ ਕਰਨ ਦਿੰਦੇ (ਕੂਚ 23:10, 11; ਲੇਵੀਆਂ 25:1-7)। ਸੱਤ ਸਾਲਾਂ ਦੇ ਸਮੇਂ, ਜੋ ਕਿ ਸਬਤ ਦੇ ਸਾਲ ਨਾਲ ਖਤਮ ਹੁੰਦੇ ਸੀ, ਉਸ ਸਮੇਂ ਉਨ੍ਹਾਂ ਨੂੰ "ਸਬਤਾਂ ਦੇ ਵਰਿਹਾਂ" ਕਿਹਾ ਜਾਂਦਾ ਸੀ (ਲੇਵੀਆਂ 25:8) ਅਤੇ ਇਨ੍ਹਾਂ ਨੂੰ ਜੁਬਲੀ ਦੇ ਵਰਹੇ, ਪੰਜਾਹਵੇਂ ਵਰਹੇ ਨੂੰ ਪ੍ਰਭਾਸ਼ਿਤ ਕਰਨ ਦੇ ਲਈ ਵਰਤਿਆ ਗਿਆ ਸੀ (ਲੇਵੀਆਂ 25:8-34)।

## ਸਬਤ ਸੰਬੰਧੀ ਬਾਅਦ ਵਿਚ ਵਿਕਸਤ ਹੋਣ ਵਾਲੀਆਂ ਗੱਲਾਂ

ਇਸਰਾਏਲ ਦੇ ਇਤਹਾਸ ਵਿਚ ਕਿਤੇ ਨਾ ਕਿਤੇ ਜਾ ਕੇ, ਬੰਦਗੀ ਲਈ ਸਬਤ ਦੇ ਦਿਨ ਇਕੱਠੇ ਹੋਣ ਦਾ ਇਕ ਦਸਤੂਰ ਚੱਲਿਆ। ਇਹ ਦਸਤੂਰ ਨਵੇਂ ਨੇਮ ਦੇ ਸਮਿਆਂ ਵਿਚ ਸਪੱਸ਼ਟ ਹੈ, ਕਿਉਂਕਿ ਲੂਕਾ ਨੇ ਲਿਖਿਆ ਕਿ ਯਿਸੂ ਦਸਤੂਰ ਅਨੁਸਾਰ ਸਬਤ ਦੇ ਦਿਨ ਸਮਾਜ ਵਿਚ ਗਿਆ (ਲੂਕਾ 4:16) ਅਤੇ ਨਵੇਂ ਨੇਮ ਦੇ ਖੁਸ਼ਖ਼ਬਰੀ ਪਰਚਾਰਕਾਂ ਨੇ ਯਹੂਦੀਆਂ ਅਤੇ ਯਹੂਦੀ-ਮੁਰੀਦਾਂ ਦੀਆਂ ਭੀੜਾਂ ਦੇ ਅੱਗੇ ਪਰਚਾਰ ਕੀਤਾ ਜੋ ਸਬਤ ਦੇ ਦਿਨ ਸਮਾਜ ਵਿਚ ਇਕੱਠੀਆਂ ਹੋਈਆਂ ਸਨ (ਰਸੂਲਾਂ ਦੇ ਕਰਤੱਬ 13:14, 15)।

ਸਬਤ ਦੇ ਦਿਨ ਨੂੰ ਪਵਿੱਤਰ ਮੰਨਣ ਦੀ ਮੰਗ ਤੇ ਉਸ ਸਮੇਂ ਹੋਰ ਵੀ ਜ਼ਿਆਦਾ ਜ਼ੋਰ ਦਿੱਤਾ ਗਿਆ ਹੋਵੇਗਾ ਜਦੋਂ ਪੁਰਾਣੇ ਨੇਮ ਦੁਆਰਾ ਇਤਹਾਸ ਦੇ ਸਮੇਂ ਵਰਣਨ ਦਾ ਖਤਮ ਹੋਇਆ।

ਨਹਮਯਾਹ, ਜੋ ਕਿ ਇਸਰਾਏਲ ਦੀ ਅਸੀਰੀ ਤੋਂ ਬਾਅਦ ਦੇ ਸਮੇਂ ਵਿਚ ਹੋਏ ਆਗੂਆਂ ਵਿੱਚੋਂ ਇਕ ਸੀ, ਉਸ ਨੇ ਸਬਤ ਦੀ ਮਹੱਤਤਾ ਤੇ ਜ਼ੋਰ ਦਿੱਤਾ ਸੀ।[10] ਸੰਭਵ ਤੌਰ ਤੇ ਸਬਤ ਦੇ ਲਈ ਵੱਡੀ ਚਿੰਤਾ ਅਸੀਰੀ ਤੋਂ ਬਾਅਦ ਅਤੇ ਇੰਟਰਟੈਸਟਾਮੈਂਟਲ ਯਹੂਦੀਆਂ ਦੁਆਰਾ ਇਸ ਤੱਥ ਤੋਂ ਪੈਦਾ ਹੋਈ ਸੀ ਕਿ ਉਹ ਉਸ ਸਮੇਂ ਇਕ ਵਿਰੋਧੀ ਸੰਸਾਰ ਵਿਚ ਰਹਿ ਰਹੇ ਸਨ ਜਿਹੜਾ ਗੈਰ-ਕੌਮਾਂ ਦੇ ਨਾਲ ਘਿਰਿਆ ਹੋਇਆ ਸੀ ਅਤੇ ਇਕ ਪਰਜਾ ਦੇ ਰੂਪ ਵਿਚ ਉਨ੍ਹਾਂ ਦੀ ਪਹਿਚਾਣ ਨੂੰ ਬਰਕਰਾਰ ਰੱਖਣ ਦੇ ਲਈ ਸਬਤ ਜ਼ਰੂਰੀ ਸੀ।

ਸਬਤ ਦੇ ਲਈ ਯਹੂਦੀਆਂ ਦੀ ਵੱਡੀ ਚਿੰਤਾ ਬਾਅਦ ਵਿਚ ਉਨ੍ਹਾਂ ਦੇ ਇਤਹਾਸ ਵਿਚ ਉਨ੍ਹਾਂ ਦੀਆਂ ਉਨ੍ਹਾਂ ਲਿਖਤਾਂ ਤੋਂ ਸਪੱਸ਼ਟ ਹੈ ਜੋ ਉਨ੍ਹਾਂ ਨੇ ਪੇਸ਼ ਕੀਤੀਆਂ ਸਨ। "ਮਿਸ਼ਨਾਹ ਟਰੈਕਟੇਟ ਸ਼ਬਥ 7.2 ਵਿਚ ਉਨਤਾਲੀ ਕਿਸਮਾਂ ਦੇ ਕੰਮ ਦੀ ਸੂਚੀ ਦਿੱਤੀ ਗਈ ਹੈ, ਵਚਨਾਂ ਤੋਂ ਨਤੀਜਾ ਕੱਢ ਕੇ, ਜਿਨ੍ਹਾਂ ਦੇ ਸਬਤ ਦੇ ਦਿਨ ਕਰਨ ਦੀ ਮਨਾਹੀ ਸੀ।"[11] ਸਬਤ ਦੇ ਹੁਕਮ ਤੇ ਵਿਸਤਾਰ ਨਾਲ ਦੱਸਣ ਵਿਚ ਰੱਬੀਆਂ ਦੇ ਇਰਾਦੇ ਚੰਗੇ ਸਨ; ਉਹ, ਜਿਵੇਂ ਕਿ ਅਕਸਰ ਕਿਹਾ ਜਾਂਦਾ ਹੈ, ਸ਼ਰਾ ਦੇ ਆਲੇ-ਦੁਆਲੇ ਇਕ "ਵਾੜ ਬਣਾਉਣਾ" ਚਾਹੁੰਦੇ ਸਨ। ਵਾੜ ਦਾ ਵਿਚਾਰ ਇਹ ਸੀ ਕਿ ਜੇਕਰ ਯਹੂਦੀ ਲੋਕ ਉਨ੍ਹਾਂ ਪਰੰਪਰਾਵਾਂ ਦਾ ਪਾਲਣ ਕਰਨਗੇ - ਜੇਕਰ ਉਨ੍ਹਾਂ ਨੇ ਉਹ ਵਾੜ ਨਾ ਟੱਪੀ ਜਿਹੜੀ ਸ਼ਰਾ ਦੇ ਆਲੇ-ਦੁਆਲੇ ਖੜ੍ਹੀ ਕੀਤੀ ਗਈ - ਤਾਂ ਉਹ ਸ਼ਰਾ ਨੂੰ ਨਹੀਂ ਤੋੜਨਗੇ। ਉਸ ਦਿਨ ਕੰਮ ਨਾ ਕਰਨ ਦੁਆਰਾ ਸਬਤ ਨੂੰ ਪਵਿੱਤਰ ਮੰਨਣ ਦੀ ਮੰਗ ਦੀ ਹਾਲਤ ਵਿਚ, ਹੁਕਮ ਉਨ੍ਹਾਂ ਲਈ ਬਹੁਤ ਹੀ ਅਸਪੱਸ਼ਟ ਸੀ। "ਕੰਮ ਕਰਨ" ਦਾ ਅਰਥ ਕੀ ਹੈ? "ਕੰਮ" ਕੀ ਸੀ ਅਤੇ ਕੀ ਨਹੀਂ ਸੀ। "ਕੰਮ" ਕੀ ਸੀ ਇਸ ਨੂੰ ਸਪੱਸ਼ਟ ਕਰਨ ਦੇ ਲਈ, ਉਨ੍ਹਾਂ ਨੇ ਹਰ ਤਰ੍ਹਾਂ ਦੀਆਂ ਵਿਸ਼ੇਸ਼ ਬਿਧੀਆਂ, ਜਾਂ ਪਰੰਪਰਾਵਾਂ ਨੂੰ ਈਜਾਦ ਕੀਤਾ, ਜਿਹੜੀਆਂ ਉਸ ਸਮੇਂ ਉਨ੍ਹਾਂ ਨੇ ਉਨ੍ਹਾਂ ਦੇ ਦੇਸ ਵਾਸੀਆਂ ਤੇ ਥੋਪੀਆਂ।[12]

ਉਦਾਹਰਣ ਦੇ ਲਈ, ਕੋਈ ਵਿਅਕਤੀ ਕਿੰਨੀ ਦੂਰ ਤੱਕ ਜਾ ਸਕਦਾ ਸੀ ਇਸ ਤੋਂ ਪਹਿਲਾਂ ਕਿ ਉਸ ਦੇ ਸਫ਼ਰ ਨੂੰ "ਕੰਮ" ਕਿਹਾ ਜਾਂਦਾ? ਕਿਸੇ ਤਰ੍ਹਾਂ ਰੱਬੀਆਂ ਨੇ ਇਹ ਫ਼ੈਸਲਾ ਕੀਤਾ ਸੀ ਕਿ ਜੇਕਰ ਇਕ ਯਹੂਦੀ ਇਕ ਮੀਲ ਦਾ ਲਗਭਗ ਤਿੰਨ-ਚੌਥਾਈ ਤੋਂ ਵੱਧ ਨਹੀਂ ਤੁਰਿਆ, ਤਾਂ ਉਸ ਨੇ ਕੰਮ ਨਹੀਂ ਸੀ ਕੀਤਾ; ਇਸ ਲਈ ਉਸ ਨੇ ਸਬਤ ਨੂੰ ਨਹੀਂ ਸੀ ਤੋੜਿਆ। ਸਿੱਟੇ ਵਜੋਂ, "ਸਬਤ ਦੇ ਦਿਨ ਦੀ ਵਾਟ" (ਰਸੂਲਾਂ ਦੇ ਕਰਤੱਬ 1:12) ਨੂੰ ਇਕ ਮੀਲ ਦੇ ਤਿੰਨ-ਚੌਥਾਈ ਹਿੱਸੇ ਪਰਿਭਾਸ਼ਿਤ ਕੀਤਾ ਗਿਆ ਸੀ। ਪਰ, ਸ਼ਰਾ ਕਿਤੇ ਵੀ ਇਸ ਨੂੰ "ਸਬਤ ਦੇ ਦਿਨ ਦੀ ਵਾਟ" ਦੇ ਰੂਪ ਵਿਚ ਪਰਿਭਾਸ਼ਿਤ ਨਹੀਂ ਕਰਦੀ। ਪਰਮੇਸ਼ੁਰ ਦੀ ਪ੍ਰੇਰਣਾ ਨਾ ਪਾਏ ਹੋਏ ਯਹੂਦੀ ਉਪਦੇਸ਼ਕਾਂ ਨੇ ਉਹ ਸੰਕਲਪ ਕੀਤਾ ਸੀ।

ਯਹੂਦੀ ਲੋਕਾਂ ਦੁਆਰਾ ਇਹ ਤੈਅ ਕਰਨਾ ਕਿ ਕੀ "ਕੰਮ" ਹੁੰਦਾ ਹੈ ਜਾਂ ਉਨ੍ਹਾਂ ਦੇ ਵਿਚਾਰਾਂ ਦੇ ਨਤੀਜਿਆਂ ਨੂੰ ਲਿਖਣ ਵਿਚ ਕੁਝ ਵੀ ਗਲਤ ਨਹੀਂ ਸੀ। ਜੇਕਰ ਕੋਈ ਵੀ ਵਿਅਕਤੀ ਉਨ੍ਹਾਂ ਪਰੰਪਰਾਵਾਂ ਦਾ ਪਾਲਣ ਕਰਦਾ ਸੀ, ਅਸਲ ਵਿਚ, ਸੰਭਾਵਨਾਵਾਂ ਇਹ ਹਨ ਕਿ ਉਹ ਵਿਅਕਤੀ ਉਨ੍ਹਾਂ ਵਿਸ਼ੇਸ਼ ਹੁਕਮਾਂ ਅਤੇ ਪਰੰਪਰਾਵਾਂ ਨੂੰ ਨਹੀਂ ਸੀ ਤੋੜਦਾ ਜੋ ਰੱਖਿਆ ਕਰਨ ਦੇ ਲਈ ਤਿਆਰ ਕੀਤੀਆਂ ਗਈਆਂ ਸਨ।

## ਯਿਸੂ ਅਤੇ ਸਬਤ

ਯਿਸੂ ਨੇ ਸਿੱਖਿਆ ਦਿੱਤੀ ਸੀ ਕਿ ਯਹੂਦੀ ਲੋਕਾਂ ਦੁਆਰਾ ਪਰੰਪਰਾਵਾਂ ਦੀ ਵਰਤੋਂ ਪਾਪ ਸੀ ਕਿਉਂਕਿ, ਪਰੰਪਰਾਵਾਂ ਨੂੰ ਮੰਨ ਕੇ, ਉਨ੍ਹਾਂ ਨੇ "[ਉਨ੍ਹਾਂ ਦੀ] ਆਪਣੀ ਰੀਤ ਨਾਲ" ਪਰਮੇਸ਼ੁਰ ਦੀ ਸ਼ਰਾ ਦੀ ਉਲੰਘਣਾ ਕੀਤੀ ਸੀ (ਮੱਤੀ 15:3)। ਇਸ ਲਈ ਯਿਸੂ ਨੇ ਆਖਿਆ ਸੀ ਕਿ ਉਨ੍ਹਾਂ ਨੇ "ਮਨੁੱਖਾਂ ਦੇ ਹੁਕਮਾਂ ਦੀ ਸਿੱਖਿਆ ਦੇ ਕੇ" ਵਿਰਥਾ ਪਰਮੇਸ਼ੁਰ ਦੀ ਉਪਾਸਨਾ ਕੀਤੀ (ਮੱਤੀ 15:9)।

ਇੰਜੀਲਾਂ ਵਿਚ ਦੱਸੀ ਗਈ ਕਹਾਣੀ ਤੋਂ। ਸਬਤ ਦੇ ਪ੍ਰਤੀ ਯਿਸੂ ਦਾ ਰਵੱਈਆ ਯਹੂਦੀ ਆਗੂਆਂ

ਦੇ ਰਵੱਈਏ ਤੋਂ ਸਪੱਸ਼ਟ ਤੌਰ ਤੇ ਵੱਖਰਾ ਸੀ। ਯਿਸੂ ਨੇ ਸਬਤ ਦਾ ਪਾਲਣ ਕੀਤਾ, ਜਿਵੇਂ ਉਸ ਨੇ ਮੂਸਾ ਦੀ ਸ਼ਰਾ ਦੇ ਹੋਰ ਹੁਕਮਾਂ ਦਾ ਪਾਲਣ ਕੀਤਾ ਸੀ ਜਿਨ੍ਹਾਂ ਦੇ ਅਧੀਨ ਉਹ ਰਹਿੰਦਾ ਸੀ - ਉਦਾਹਰਣ ਦੇ ਲਈ, ਜਿਵੇਂ ਉਹ ਪਰਬ ਦੇ ਦਿਨਾਂ ਦੇ ਲਈ ਉਪਾਸਨਾ ਕਰਨ ਦੇ ਲਈ ਯਰੂਸ਼ਲਮ ਨੂੰ ਗਿਆ ਸੀ।[13]

ਇਸ ਦੇ ਨਾਲ ਹੀ, ਯਿਸੂ ਨੇ ਸਪੱਸ਼ਟ ਤੌਰ ਤੇ ਉਨ੍ਹਾਂ ਪਰੰਪਰਾਵਾਂ ਨੂੰ ਮੰਨਣ ਦੇ ਲਈ ਆਪਣੇ ਆਪ ਨੂੰ ਮਜ਼ਬੂਰ ਮਹਿਸੂਸ ਨਹੀਂ ਸੀ ਕੀਤਾ ਜੋ ਸਬਤ ਨੂੰ ਲੈ ਕੇ ਬਣਾਈਆਂ ਗਈਆਂ ਸਨ, ਬਜਾਇ ਇਸ ਦੇ ਉਸ ਨੇ ਹੋਰ ਪਰੰਪਰਾਵਾਂ ਨੂੰ ਮੰਨਣ ਦੇ ਲਈ ਆਪਣੇ ਆਪ ਨੂੰ ਮਜ਼ਬੂਰ ਮਹਿਸੂਸ ਕੀਤਾ ਸੀ। ਸਿੱਟੇ ਵਜੋਂ, ਉਸ ਤੇ ਸਬਤ ਨੂੰ ਤੋੜਨ ਦਾ ਦੋਸ਼ ਲਾਇਆ ਗਿਆ ਸੀ (ਵੇਖੋ ਮਰਕੁਸ 2:24)। ਪਰ, ਇਹ ਦੋਸ਼ ਉਸ ਤੇ ਅਧਾਰਿਤ ਨਹੀਂ ਸੀ ਜੋ ਅਸਲ ਵਿਚ ਮੂਸਾ ਦੀ ਸ਼ਰਾ ਸਿੱਖਿਆ ਦਿੰਦੀ ਸੀ, ਪਰ ਯਹੂਦੀ ਲੋਕਾਂ ਦੀਆਂ ਪਰੰਪਰਾਵਾਂ ਤੇ ਅਧਾਰਿਤ ਸੀ।[14] ਯਿਸੂ ਨੇ ਉਸ ਦੋਸ਼ ਦਾ ਕਈ ਤਰੀਕਿਆਂ ਨਾਲ ਜਵਾਬ ਦਿੱਤਾ ਸੀ: (1) ਦਾਊਦ ਦੇ ਉਦਾਹਰਣ ਦਾ ਹਵਾਲਾ ਦੇ ਕੇ ਜਿਸ ਨੇ ਹੈਕਲ ਵਿੱਚੋਂ ਚੜ੍ਹਾਵੇ ਦੀਆਂ ਰੋਟੀਆਂ ਖਾਧੀਆਂ ਜਿਨ੍ਹਾਂ ਨੂੰ ਜਾਜਕਾਂ ਤੋਂ ਇਲਾਵਾ ਹੋਰ ਕਿਸੇ ਨੂੰ ਵੀ ਖਾਣ ਦੀ ਮਨਾਹੀ ਸੀ (ਮੱਤੀ 12:3, 4; ਮਰਕੁਸ 2:25, 26);[15] (2) ਇਹ ਕਹਿਣ ਦੁਆਰਾ ਕਿ "ਸਬਤ ਦਾ ਦਿਨ ਮਨੁੱਖ ਦੀ ਖ਼ਾਤਰ ਬਣਿਆ ਹੈ, ਨਾ ਕਿ ਮਨੁੱਖ ਸਬਤ ਦੀ ਖ਼ਾਤਰ" (ਮਰਕੁਸ 2:27); (3) ਇਹ ਕਹਿਣ ਦੁਆਰਾ ਕਿ "ਇਸ ਲਈ ਮਨੁੱਖ ਦਾ ਪੁੱਤ੍ਰ ਸਬਤ ਦੇ ਦਿਨ ਦਾ ਵੀ ਮਾਲਕ ਹੈ" (ਮਰਕੁਸ 2:28; ਵੇਖੋ ਮੱਤੀ 12:6-8); (4) ਉਨ੍ਹਾਂ ਜਾਜਕਾਂ ਦੇ ਉਦਾਹਰਣ ਦਾ ਹਵਾਲਾ ਦੇਣ ਦੁਆਰਾ ਜਿਨ੍ਹਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਿਚ ਸਬਤ ਦੇ ਦਿਨ ਕੰਮ ਕਰਨ ਦੁਆਰਾ "ਸਬਤ ਨੂੰ ਤੋੜਿਆ" ਅਤੇ ਫਿਰ ਵੀ "ਨਿਰਦੋਸ਼" ਹਨ (ਮੱਤੀ 12:5)।

### ਸਬਤ ਅਤੇ ਕਲੀਸੀਆ

ਮੁਢਲੀ ਕਲੀਸੀਆ ਵਿਚ, ਸਬਤ ਦੇ ਦਿਨ,[16] ਜਾਂ ਸਤਵੇਂ ਦਿਨ ਮਸੀਹੀ ਬੰਦਗੀ ਦੇ ਲਈ ਮੰਡਲੀਆਂ (ਕਲੀਸੀਆਵਾਂ) ਦੇ ਇਕੱਠੇ ਹੋਣ ਦੀ ਕੋਈ ਲਿਖਤ ਨਹੀਂ ਹੈ। ਬਜਾਇ ਇਸ ਦੇ, ਮਸੀਹੀ ਲੋਕ ਜਿਸ ਦਿਨ ਨੂੰ ਮੰਨਦੇ ਸਨ ਉਹ ਹਫ਼ਤੇ ਦਾ ਪਹਿਲਾ ਦਿਨ (ਰਸੂਲਾਂ ਦੇ ਕਰਤੱਬ 20:7; 1 ਕੁਰਿੰਥੀਆਂ 16:1, 2), ਮਸੀਹ ਦੇ ਜੀ ਉੱਠਣ ਦਾ ਦਿਨ ਸੀ ਜਿਸ ਨੂੰ "ਪ੍ਰਭੂ ਦੇ ਦਿਨ" ਵਜੋਂ ਜਾਣਿਆ ਜਾਣ ਲੱਗਾ (ਪਰਕਾਸ਼ ਦੀ ਪੋਥੀ 1:10)। ਇਹ ਕਿ ਕਲੀਸੀਆ ਦੇ ਮੁਢਲੇ ਇਤਹਾਸ ਵਿਚ ਮਸੀਹੀ ਲੋਕ ਬੰਦਗੀ ਸਭਾਵਾਂ ਦੇ ਲਈ ਹਫ਼ਤੇ ਦੇ ਪਹਿਲੇ ਦਿਨ ਇਕੱਠੇ ਹੁੰਦੇ ਸਨ ਇਸ ਗੱਲ ਦੀ ਪੁਸ਼ਟੀ ਕਲੀਸੀਆ ਦੇ ਮੋਢੀਆਂ ਦੀਆਂ ਲਿਖਤਾਂ ਤੋਂ ਹੁੰਦੀ ਹੈ। ਬੰਦਗੀ ਦੇ ਲਈ ਇਕੱਠੇ ਹੋਣ ਅਤੇ ਪ੍ਰਭੂ ਭੋਜ ਮਨਾਉਣ ਦੀ ਮੰਗ ਤੋਂ ਇਲਾਵਾ ਪ੍ਰਭੂ ਦੇ ਦਿਨ ਨੂੰ ਮੰਨਣ ਦੇ ਲਈ ਨਵੇਂ ਨੇਮ ਵਿਚ ਕੋਈ ਨਿਯਮ ਨਹੀਂ ਦਿੱਤੇ ਗਏ। ਨਿਸ਼ਚਤ ਤੌਰ ਤੇ ਪ੍ਰਭੂ ਦੇ ਦਿਨ ਵਿਸਰਾਮ ਕਰਨ ਦਾ ਨਵੇਂ ਨੇਮ ਵਿਚ ਕੋਈ ਹੁਕਮ ਨਹੀਂ ਹੈ ਅਤੇ ਉਸ ਦ੍ਰਿਸ਼ਟੀਕੋਣ ਤੋਂ, ਹਫ਼ਤੇ ਦਾ ਪਹਿਲਾ ਦਿਨ (ਐਤਵਾਰ, ਜਾਂ ਪ੍ਰਭੂ ਦਾ ਦਿਨ) ਯਹੂਦੀ ਸਬਤ, ਹਫ਼ਤੇ ਦੇ ਸੱਤਵਾਂ ਦਿਨ, ਮਸੀਹੀ ਸਬਤ ਦੇ ਬਰਾਬਰ ਨਹੀਂ ਬਣਦਾ।

ਨਵੇਂ ਨੇਮ ਵਿਚ ਸਿਰਫ ਇੱਕੋ ਵਾਰ "ਸਬਤ" (ਜਾਂ ਇਸ ਦੇ ਬਰਾਬਰ) ਸ਼ਬਦ ਮਸੀਹੀ ਲੋਕਾਂ ਦੇ ਸੰਬੰਧ ਵਿਚ ਵਰਤਿਆ ਗਿਆ ਹੈ ਅਤੇ ਉਹ ਹੈ ਇਬਰਾਨੀਆਂ 4:9-11 ਵਿਚ:

> ਗੱਲ ਕਾਹਦੀ, ਪਰਮੇਸ਼ੁਰ ਦੀ ਪਰਜਾ ਲਈ ਸਬਤ ਦਾ ਅਰਾਮ ਅਜੇ ਬਾਕੀ ਰਹਿੰਦਾ ਹੈ। ਕਿਉਂਕਿ ਜਿਹੜਾ ਉਹ ਦੇ ਅਰਾਮ ਵਿੱਚ ਵੜ ਗਿਆ ਉਹ ਨੇ ਵੀ ਆਪ ਆਪਣਿਆਂ ਕੰਮਾਂ ਤੋਂ ਵਿਹਲਿਆਂ ਹੋ ਕੇ ਅਰਾਮ ਕੀਤਾ ਜਿਵੇਂ ਪਰਮੇਸ਼ੁਰ ਨੇ ਆਪਣਿਆਂ ਕੰਮਾਂ ਤੋਂ। ਸੋ ਆਓ, ਅਸੀਂ ਓਸ ਅਰਾਮ ਵਿੱਚ ਵੜਨ ਦਾ ਜਤਨ ਕਰੀਏ ਭਈ ਕੋਈ ਉਨ੍ਹਾਂ ਵਾਂਙੁ ਅਣਆਗਿਆਕਾਰੀ ਦੇ ਕਾਰਨ ਡਿੱਗ ਨਾ ਪਵੇ।

ਇਸ ਬੰਦ ਵਿਚ, ਮਸੀਹੀ ਵਿਅਕਤੀ ਜਾਂ ਵਿਸ਼ਵਾਸੀ ਦੇ “ਸਬਤ ਦਾ ਅਰਾਮ” ਸੁਰਗ ਹੈ ਅਤੇ ਮਸੀਹੀ ਵਿਅਕਤੀ ਨੇ ਇਸ ਦੇ ਵਿਚ ਵੜਨ ਦਾ “ਜਤਨ” ਕਰਨਾ ਹੈ।

## ਅੱਜ ਸਬਤ ਨੂੰ ਮੰਨਣਾ

ਅੱਜ ਸਬਤ ਨੂੰ ਮੰਨਣ ਸੰਬੰਧੀ ਮੁੱਖ ਮੁੱਦਾ ਇਹ ਸਵਾਲ ਹੈ: ਕੀ ਮਸੀਹੀ ਲੋਕਾਂ ਨੂੰ ਮੰਨਣ ਦੀ ਲੋੜ ਹੈ? ਤਿੰਨ ਤੱਥ ਦੱਸਦੇ ਹਨ ਕਿ ਇਸ ਸਵਾਲ ਦਾ ਜਵਾਬ ਨਾਂਹ ਪੱਖੀ ਹੋਣਾ ਚਾਹੀਦਾ ਹੈ: (1) ਸਬਤ ਦਾ ਹੁਕਮ ਇਸਰਾਏਲੀਆਂ ਨੂੰ ਇਸਰਾਏਲ ਅਤੇ ਪਰਮੇਸ਼ੁਰ ਵਿਚਕਾਰ ਨੇਮ ਦੇ ਇਕ ਚਿੰਨ੍ਹ ਦੇ ਤੌਰ ਤੇ ਦਿੱਤਾ ਗਿਆ ਸੀ - ਨਾ ਕਿ ਗੈਰ-ਕੌਮਾਂ ਨੂੰ ਜਾਂ ਸਾਰੇ ਸੰਸਾਰ ਨੂੰ। (2) ਸਬਤ ਸ਼ਰਾ ਦਾ ਹਿੱਸਾ ਸੀ ਅਤੇ ਸ਼ਰਾ ਹਟਾ ਦਿੱਤੀ ਗਈ (ਰੋਮੀਆਂ 7:1, 2; ਗਲਾਤੀਆਂ 3:24, 25; ਅਫ਼ਸੀਆਂ 2:15)। (3) ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਮੁਢਲੀ ਕਲੀਸੀਆ ਨੇ ਸਬਤ ਦੇ ਦਿਨ ਬੰਦਗੀ ਦੇ ਲਈ ਇਕੱਠੇ ਹੋਣ ਦੇ ਲਈ ਆਪਣੇ ਆਪ ਵਿਚ ਮਜ਼ਬੂਰ ਮਹਿਸੂਸ ਕੀਤਾ। ਇਸ ਲਈ, ਇਹ ਸਿੱਟਾ ਕੱਢਣਾ ਉਚਿਤ ਜਾਪਦਾ ਹੈ ਕਿ ਵਿਅਕਤੀ ਮਸੀਹੀ ਲੋਕਾਂ ਜਾਂ ਮੰਡਲੀਆਂ (ਕਲੀਸੀਆਵਾਂ) ਨੂੰ ਸਬਤ ਨੂੰ ਮੰਨਣ ਦੀ ਕੋਈ ਲੋੜ ਨਹੀਂ ਹੈ।[17]

---

ਟਿੱਪਣੀਆਂ

[1]ਰੌਬਰਟ ਯੰਗ, *ਐਨਾਲੀਟੀਕਲ ਕੋਨਕੋਰਡੈਂਸ ਟੂ ਦ ਬਾਈਬਲ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਈਰਡਮੈਂਸ, ਮਿਤੀ ਉਪਲਬਧ ਨਹੀਂ ਹੈ), 828. ਨਵੇਂ ਨੇਮ ਵਿਚ ਜਿਸ ਯੂਨਾਨੀ ਸ਼ਬਦ σάββατον *(ਸਬਾਟੋਨ)* ਦਾ ਅਨੁਵਾਦ “ਸਬਤ” ਕੀਤਾ ਗਿਆ ਹੈ ਇਬਰਾਨੀ ਭਾਸ਼ਾ ਦਾ ਲਿੱਪੀਆਂਤਰਣ ਵੀ ਹੈ। [2]*ਵਿਲਸਨਸ ਓਲਡ ਟੈਸਟਾਮੈਂਟ ਵਰਡ ਸਟੱਡੀਜ਼* (ਮੈਕਲੀਨ, : ਮੈਕਡੌਨਲਡ ਪਬਲਿਸ਼ਿੰਗ ਕੰਪਨੀ, ਮਿਤੀ ਉਪਲਬਧ ਨਹੀਂ ਹੈ), 364. [3]ਸਪਿਰੋਸ ਜ਼ੋਡਹੇਟਸ, ਦੀ ਪੁਸਤਕ *ਹਿਬਰੂ-ਗਰੀਕ ਕੀ ਸਟੱਡੀ ਬਾਈਬਲ*, ਸੰਪਾ. ਸਪਿਰੋਸ ਜ਼ੋਡਹੇਟਸ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1984) ਵਿਚ ਸਫ਼ਾ 1642 ਤੇ ਨੋਟਸ ਆਨ *ਸ਼ਬਥ* ਅਤੇ *ਸ਼ੱਬਾਥ* ਹੈ। [4]ਪੌਲ ਏ. ਬੇਕਰ ਨੇ ਆਖਿਆ, “ਸਬਤ ਮੂਸਾ ਦੇ ਨੇਮ ਦਾ ਨਿਸ਼ਾਨ ਹੈ ਜਿਵੇਂ ਸਤਰੰਗੀ ਪੀਂਘ ਨੂਹ ਦੇ ਨੇਮ ਦਾ ਨਿਸ਼ਾਨ ਹੈ ਅਤੇ ਸੁੰਨਤ ਅਬਰਾਹਾਮ ਦੇ ਨੇਮ ਦਾ ਨਿਸ਼ਾਨ ਹੈ” (ਪੌਲ ਏ. ਬੇਕਰ ਦੀ ਪੁਸਤਕ *ਡਿਕਸ਼ਨਰੀ ਆਫ਼ ਦਿ ਓਲਡ ਟੈਸਟਾਮੈਂਟ-ਪੈਂਟਾਟੂਕ*, ਸੰਪਾ. ਟੀ. ਡੈਸਮੰਡ ਐਲਗਜੰਡਰ ਅਤੇ ਡੇਵਿਡ ਡਬਲਿਯੂ. ਬੇਕਰ [ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 2003] ਵਿਚ ਸਫ਼ਾ 698 ਤੇ “ਸਬਥ, ਸਬੈਟੀਕਲ ਈਅਰ, ਜੁਬਲੀ” ਹੈ)। [5]ਦੂਜੇ ਸ਼ਬਦਾਂ ਵਿਚ, ਉਤਪਤ ਦਾ ਲੇਖਕ, ਮੂਸਾ ਦੀ ਸ਼ਰਾ ਦਿੱਤੇ ਜਾਣ ਤੋਂ ਬਾਅਦ ਅਤੇ ਸਬਤ ਨੂੰ ਮਨਾਉਂਦੇ ਹੋਏ ਲਿਖਦਿਆਂ, ਆਪਣੇ ਪਾਠਕਾਂ ਨੂੰ ਦੱਸਦਾ ਹੈ ਕਿ ਹੁਣ ਉਹ ਕਿਉਂ ਸਬਤ ਨੂੰ ਮੰਨਦੇ ਹਨ: ਪਰਮੇਸ਼ੁਰ ਨੇ ਮੂਸਾ ਦੇ ਸਮੇਂ ਵਿਚ ਅਸੀਸ ਦਿੱਤੀ ਅਤੇ ਇਸ ਦਿਨ ਨੂੰ ਪਵਿੱਤਰ ਠਹਿਰਾਇਆ ਸੀ ਕਿਉਂਕਿ ਆਦ ਵਿਚ ਪਰਮੇਸ਼ੁਰ ਨੇ ਸੱਤਵੇਂ ਦਿਨ ਵਿਸਰਾਮ ਕੀਤਾ ਸੀ। [6]ਪਰਬ ਅਕਸਰ ਸਬਤ ਨਾਲ ਜੁੜੇ ਹੁੰਦੇ ਸਨ (ਵੇਖੋ ਲੇਵੀਆਂ 16:31; 23:15)। ਉਨ੍ਹਾਂ ਮੌਕਿਆਂ ਤੇ ਸਬਤ ਉਪਾਸਨਾ ਦਾ ਇਕ ਦਿਨ ਬਣ ਗਿਆ; ਕਿਉਂਕਿ ਲੋਕ ਬਲੀਆਂ ਚੜ੍ਹਾਉਣ ਅਤੇ ਇਸ ਤਰ੍ਹਾਂ ਉਪਾਸਨਾ ਕਰਨ ਦੇ ਲਈ ਇਕੱਠੇ ਹੁੰਦੇ ਸਨ। [7]ਸਬਤ ਅਸਲ ਵਿਚ “ਸਿਰਫ ਮਿਹਨਤ ਮਜ਼ਦੂਰੀ ਤੋਂ ਪਰਹੇਜ਼ ਲਈ ਮਨਾਇਆ ਜਾਂਦਾ ਸੀ” (ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ ਅਤੇ ਚਾਰਲਸ ਏ. ਬਰਿੱਗਸ, *ਦ ਬਰਾਊਨ-ਡਰਾਈਵਰ-ਬਰਿੱਗਸ ਹਿਬਰੂ ਐਂਡ ਇੰਗਲਿਸ਼ ਲੈਕਸੀਕਨ* [ਬੋਸਟਨ: ਹਫਟਨ, ਮਿਫਲਿਕ ਐਂਡ ਕੰਪਨੀ, 1906; ਦੂਜੀ ਛਾਪ, ਪੀਬੌਡੀ, ਮਾਸਾਚੁਸੈਟਸ: ਹੈਂਡਰਿਕਸਨ ਪਬਲਿਸ਼ਰਜ਼, 1997], 992)। [8]ਬਾਰਕਰ, 698. ਇਸ ਨਿਯਮ ਦੇ ਲਈ ਇਕ ਸੰਭਵ ਛੋਟ ਲੇਵੀਆਂ 23:3 ਵਿਚ ਹੈ ਜੋ ਸਬਤ ਦੀ ਇਕ “ਪਵਿੱਤ੍ਰ ਮੇਲੇ” ਵਜੋਂ ਗੱਲ ਕਰਦੀ ਹੈ। ਕਿਉਂਕਿ “ਮੇਲਾ” (NASB) ਆਮ ਤੌਰ ਤੇ ਇਕ ਸਭਾ ਦਾ ਹਵਾਲਾ ਦਿੰਦਾ ਹੈ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਹਵਾਲਾ ਹਰ ਸਬਤ ਦੇ ਦਿਨ ਇਕੱਠਾ ਹੋਣ ਦੀ ਮੰਗ ਕਰਦਾ ਹੈ। ਪਰ, ਹੋਰ ਕਿਤੇ ਮਿਲੇ ਸਬੂਤ ਅਨੁਸਾਰ, ਇਸ ਆਇਤ ਵਿਚ ਸੰਭਵ ਤੌਰ ਤੇ ਕੋਈ ਵੱਖਰਾ ਅਰਥ ਹੈ। [9]ਉਦਾਹਰਣ ਦੇ ਲਈ, ਵਰਤ ਤੇ ਯਸਾਯਾਹ ਦੀ ਚਰਚਾ ਵੇਖੋ (ਯਸਾਯਾਹ 58)। [10]ਸਬਤ ਦੇ ਲਈ ਉਨ੍ਹਾਂ ਯਹੂਦੀ ਆਗੂਆਂ ਦੁਆਰਾ ਪ੍ਰਗਟਾਈ ਗਈ ਵੱਡੀ ਚਿੰਤਾ ਤੇ ਗੌਰ ਕਰੋ ਜਿਨ੍ਹਾਂ ਨੇ ਯਿਸੂ ਦਾ ਵਿਰੋਧ ਕੀਤਾ ਸੀ।

[11]ਐਵਰੈਟ ਫਰਗਿਊਸਨ, *ਬੈਕਗਰਾਊਂਡਸ ਆਫ਼ ਅਰਲੀ ਕ੍ਰਿਸਚੈਨਿਟੀ*, ਦੂਜਾ ਸੰਪਾਦਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1993), 522. [12]ਸਟੀਫਨ ਵੈਸਟਰਹੋਲਮ ਦੀ ਪੁਸਤਕ

*ਡਿਕਸ਼ਨਰੀ ਆਫ਼ ਜੀਸਸ ਐਂਡ ਦ ਗਾਸਪਲਸ*, ਸੰਪਾ. ਜੋਏਲ ਬੀ. ਗਰੀਨ ਅਤੇ ਸਕੋਟ ਮੈਕਨਾਈਟ (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 1992) ਵਿਚ ਸਫ਼ਾ 716 ਤੇ "ਸਬਥ" ਵੇਖੋ। [13]ਜੇਕਰ ਯਿਸੂ ਨੇ ਸ਼ਰਾ ਦੇ ਹੁਕਮ ਦਾ ਪਾਲਣ ਨਹੀਂ ਸੀ ਕੀਤਾ, ਜਿਹੜਾ ਕਿ ਉਸ ਦੀ ਮੌਤ ਤੱਕ ਨਹੀਂ ਸੀ ਹਟਾਇਆ ਗਿਆ, ਤਾਂ ਉਸ ਨੇ ਪਾਪ ਕੀਤਾ ਹੋਵੇਗਾ; ਪਰ ਨਵਾਂ ਨੇਮ ਸਪੱਸ਼ਟ ਤੌਰ ਤੇ ਦੱਸਦਾ ਹੈ ਕਿ ਉਸ ਨੇ ਕਦੇ ਪਾਪ ਨਹੀਂ ਸੀ ਕੀਤਾ (ਇਬਰਾਨੀਆਂ 4:15)। ਮੱਤੀ 12:7 ਵਿਚ, ਸਬਤ ਨੂੰ ਤੋੜਨ ਦਾ ਦੋਸ਼ ਲਗਾਏ ਜਾਣ ਤੋਂ ਬਾਅਦ, ਯਿਸੂ ਨੇ ਵਿਸ਼ੇਸ਼ ਤੌਰ ਤੇ ਆਪਣੇ ਆਪ ਦਾ ਉਸ ਦੋਸ਼ ਤੋਂ "ਨਿਰਦੋਸ਼" ਹੋਣ ਦਾ ਹਵਾਲਾ ਦਿੱਤਾ ਸੀ। [14]ਮਸੀਹ ਦੇ ਵੈਰੀਆਂ ਨੇ ਆਖਿਆ ਕਿ ਉਸ ਦੇ ਚੇਲਿਆਂ ਨੇ ਜੋ ਕੀਤਾ ਸੀ, ਜਦੋਂ ਉਨ੍ਹਾਂ ਨੇ ਪੈਲੀਆਂ ਵਿੱਚੋਂ ਦੀ ਲੰਘਦਿਆਂ ਸਿੱਟੇ ਤੋੜੇ, "ਸਬਤ ਦੇ ਦਿਨ ਕਰਨਾ ਜੋਗ ਨਹੀਂ" ਸੀ (ਮਰਕੁਸ 2:24)। ਪਰ, ਕੋਈ ਵੀ ਵਿਅਕਤੀ ਪੁਰਾਣੇ ਨੇਮ ਨੂੰ ਸ਼ੁਰੂ ਤੋਂ ਲੈ ਕੇ ਅੰਤ ਤੱਕ ਵੇਖ ਸਕਦਾ ਹੈ ਅਤੇ ਉਸ ਨੂੰ ਅਜਿਹਾ ਕੋਈ ਥਾਂ ਨਹੀਂ ਲੱਭੇਗਾ ਜਿੱਥੇ ਇਹੋ ਜਿਹੇ ਕੰਮਾਂ ਦੀ ਮਨਾਹੀ ਕੀਤੀ ਗਈ ਹੋਵੇ। ਚੇਲਿਆਂ ਨੇ ਪਰਮੇਸ਼ੁਰ ਦੀ ਬਿਵਸਥਾ ਨੂੰ ਨਹੀਂ ਪਰ ਰੱਬੀ ਪਰੰਪਰਾਵਾਂ ਨੂੰ ਤੋੜਿਆ ਸੀ। [15]ਯਿਸੂ ਦੁਆਰਾ ਦਾਊਦ ਦੇ ਉਦਾਹਰਣ ਦੀ ਵਰਤੋਂ ਜ਼ਰੂਰੀ ਨਹੀਂ ਹੈ ਕਿ ਇਹ ਸਾਬਤ ਕਰਦੀ ਹੈ ਕਿ ਯਿਸੂ ਦੁਆਰਾ ਦਾਊਦ ਦੇ ਕੰਮਾਂ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਸੰਭਵ ਤੌਰ ਤੇ, ਯਿਸੂ *ਐਡ ਹੋਮੀਨੈਮ* ਦਲੀਲ ਦੀ ਵਰਤੋਂ ਕਰ ਰਿਹਾ ਸੀ: ਕਿਉਂਕਿ ਉਸ ਦੇ ਵਿਰੋਧੀਆਂ ਨੇ ਦਾਊਦ ਦੇ ਵਿਹਾਰ ਨੂੰ ਪ੍ਰਵਾਨਗੀ ਦਿੱਤੀ ਸੀ (ਭਾਵੇਂ ਪਰਮੇਸ਼ੁਰ ਨੇ ਇਸ ਦੀ ਪ੍ਰਵਾਨਗੀ ਦਿੱਤੀ ਸੀ ਜਾਂ ਨਹੀਂ), ਤਾਂ ਉਹ ਸਬਤ ਦੇ ਦਿਨ ਚੇਲਿਆਂ ਦੇ ਸਿੱਟੇ ਤੋੜਨ ਦੇ ਹਾਨੀ-ਰਹਿਤ ਕੰਮ ਨੂੰ ਜੋਗ ਕੰਮ ਵਜੋਂ ਕਿਉਂ ਸਵੀਕਾਰ ਨਹੀਂ ਕਰ ਸਕੇ? [16]ਮਸੀਹੀ ਖੁਸ਼ਖ਼ਬਰੀ ਪਰਚਾਰਕ ਸਬਤ ਦੇ ਦਿਨ ਪਰਚਾਰ ਕਰਨ ਦੇ ਲਈ ਯਹੂਦੀ ਸਮਾਜਾਂ ਵਿਚ ਗਏ, ਪਰ ਉਨ੍ਹਾਂ ਦੇ ਕੰਮ ਇਸ ਦੇ ਲਈ ਇਕ ਉਚਿਤ ਦਲੀਲ ਪ੍ਰਦਾਨ ਨਹੀਂ ਕਰਦੇ ਕਿ ਕਲੀਸੀਆ ਨੂੰ ਉਪਾਸਨਾ ਦੇ ਲਈ ਸਬਤ ਦੇ ਦਿਨ ਇਕੱਠਾ ਹੋਣਾ ਚਾਹੀਦਾ ਹੈ। [17]ਮਸੀਹੀ ਵਿਅਕਤੀ ਇਹ ਫ਼ੈਸਲਾ ਕਰ ਸਕਦਾ ਹੈ ਕਿ ਕਿਉਂਕਿ ਸਬਤ ਦਾ ਦਿਨ "ਮਨੁੱਖ ਦੀ ਖ਼ਾਤਰ ਬਣਿਆ ਹੈ" ਅਤੇ ਕਿਉਂਕਿ ਪਰਮੇਸ਼ੁਰ ਨੂੰ ਲੱਗਦਾ ਹੈ ਕਿ ਮਨੁੱਖ ਨੂੰ ਹਫ਼ਤੇ ਵਿਚ ਇਕ ਦਿਨ ਵਿਸਰਾਮ ਕਰਨ ਦੀ ਲੋੜ ਸੀ, ਉਹ ਹਰ ਸਬਤ ਨੂੰ, ਹਰ ਸ਼ਨੀਵਾਰ ਨੂੰ ਵਿਸਰਾਮ ਕਰਨ ਜਾ ਰਿਹਾ ਸੀ। ਸੱਤਵੇਂ ਦਿਨ ਵਿਸਰਾਮ ਕਰਨਾ ਨਵੇਂ ਨੇਮ ਦੀ ਕਿਸੇ ਵੀ ਸ਼ਰਤ ਨੂੰ ਨਹੀਂ ਤੋੜਦਾ ਜਦੋਂ ਤੱਕ ਕੋਈ ਵਿਅਕਤੀ ਇਸ ਦੇ ਮੰਨਣ ਨੂੰ ਸਾਰੇ ਮਸੀਹੀ ਲੋਕਾਂ ਤੇ ਜ਼ਰੂਰੀ ਨਹੀਂ ਸੀ ਬਣਾਉਣਾ ਚਾਹੁੰਦਾ।